R.N.I Regd. No. PUNPUN/2023/88634
ਫ਼ੋਨ -01633-358364 (ਮੋ. 62803-56564)
ਬੁੱਧਵਾਰ 27 ਨਵੰਬਰ - 2024 ਸ੍ਰੀ ਮੁਕਤਸਰ ਸਾਹਿਬ
ਸਾਲ (Year) : 01
ਮੁੱਲ (Rate) : 04 ਰੁ.
ਪੰਨੇ (Pages) : 8

# ਪੰਜਾਬ ਦਾ ਖੁਲਾਸਾ

ਮੁੱਖ ਸੰਪਾਦਕ : ਮਨਪ੍ਰੀਤ ਸਿੰਘ
ਸ੍ਰੀ ਮੁਕਤਸਰ ਸਾਹਿਬ
Weekly PUNJAB DA KHULASA
www.punjabdakhulasa.in
ww. facbook.com/punjabdakhulasa
E.mail.punjabdakhulasa1313@gmail.com

**ਪੱਤਰਕਾਰਾਂ ਦੀ ਲੋੜ**
40 ਮੁਕਤਿਆਂ ਦੀ ਪਵਿੱਤਰ ਧਰਤੀ ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਹੋਏ ਨਵੇਂ ਅਖ਼ਬਾਰ
ਪੰਜਾਬ ਦਾ ਖੁਲਾਸਾ
ਨੂੰ ਵੱਖ-ਵੱਖ ਜਿਲ੍ਹਿਆਂ ਵਿਚੋਂ ਜਿਲ੍ਹਾ ਇੰਚਾਰਜ ਅਤੇ ਪੱਤਰਕਾਰਾਂ ਦੀ ਲੋੜ ਹੈ
ਸੰਪਰਕ
62803-56564
ਸੰਪਾਦਕ :
ਅਸ਼ੋਕ ਭਾਰਦਵਾਜ

## ਫੋਨ ਨਜ਼ਰਅੰਦਾਜ਼ ਕਰ ਰਹੇ ਸਨ, ਕੰਨ ਖੋਲ੍ਹਣ ਲਈ ਕੀਤੇ ਧਮਾਕੇ..., ਗੋਲਡੀ ਬਰਾੜ ਨੇ ਲਈ ਚੰਡੀਗੜ੍ਹ ਧਮਾਕੇ ਦੀ ਜ਼ਿੰਮੇਵਾਰੀ



ਪੰਜਾਬ ਦਾ ਖੁਲਾਸਾ

**ਚੰਡੀਗੜ੍ਹ, 26 ਨਵੰਬਰ-** ਬਾਈਕ 'ਤੇ ਆਏ ਦੋ ਨੌਜਵਾਨਾਂ ਨੇ ਸੈਕਟਰ 26 ਸਥਿਤ ਦਿ ਓਰਾ ਕਲੱਬ ਦੇ ਬਾਹਰ ਦੋ ਧਮਾਕੇ ਕੀਤੇ। ਇਨ੍ਹਾਂ ਧਮਾਕਿਆਂ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਕਲੱਬ ਦੇ ਸ਼ੀਸ਼ੇ ਟੁੱਟ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਧਮਾਕਿਆਂ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗਰੁੱਪ ਦੇ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਨੇ ਲਈ ਹੈ। ਗੋਲਡੀ ਬਰਾੜ ਬਰਾੜ ਨਾਂ ਦੇ ਫੇਸਬੁੱਕ ਪ੍ਰੋਫਾਈਲ ਵੱਲੋਂ ਲਿਖਿਆ ਗਿਆ ਕਿ ਜੀ ਹਾਂ, ਸਭ ਨੂੰ ਸ਼ਤਿ ਸ਼੍ਰੀ ਅਕਾਲ ਜੀ, ਕਿ ਸੋਮਵਾਰ ਰਾਤ ਨੂੰ ਦੋ ਧਮਾਕੇ ਹੋਏ। ਮੈਂ (ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ - ਲਾਰੈਂਸ ਬਿਸ਼ਨੋਈ ਗਰੁੱਪ) ਇਸ ਦੀ ਜ਼ਿੰਮੇਵਾਰੀ ਲੈ ਰਿਹਾ ਹਾਂ। ਸਭ ਤੋਂ ਪਹਿਲਾਂ, ਸੇਲੀਵਿਲ ਰੈਸਟੋਰੈਂਟ, ਜਿਸਦਾ ਸਨਮਾਨ ਰੈਪਰ ਬਾਦਸ਼ਾਹ ਹੈ। ਦੂਜਾ, ਡੀ ਓਰਾ ਕਲੱਬ ਸੈਕਟਰ 36 ਚੰਡੀਗੜ੍ਹ ਦੇ ਮਾਲਕ ਨੂੰ ਪ੍ਰੋਟੈਕਸ਼ਨ ਮਨੀ ਲਈ ਮੈਸੇਜ ਕੀਤਾ ਗਿਆ। ਪਰ ਉਨ੍ਹਾਂ ਨੇ ਫ਼ੋਨ ਦੀ ਘੰਟੀ ਨਹੀਂ ਸੁਣੀ। ਪਰ ਅਜਿਹਾ ਉਹਨਾਂ ਦੇ ਕੰਨ ਖੋਲਣ ਲਈ ਕੀਤਾ ਗਿਆ। ਜੋ ਵੀ ਸਾਡੀਆਂ ਕਾਲਾਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਉਹਨਾਂ ਨੂੰ ਵੀ ਸਮਝਣਾ ਚਾਹੀਦਾ ਹੈ

ਇਸ ਦੌਰਾਨ ਰੈਸਟੋਰੈਂਟ ਦੇ ਕਰਮਚਾਰੀ ਪੂਰਨ ਨੇ ਦੱਸਿਆ ਕਿ ਧਮਾਕਾ ਤੜਕੇ ਕਰੀਬ 3.15 ਵਜੇ ਹੋਇਆ ਅਤੇ ਕੋਈ ਜ਼ਖਮੀ ਨਹੀਂ ਹੋਇਆ ਕਿਉਂਕਿ ਉਸ ਸਮੇਂ ਰੈਸਟੋਰੈਂਟ ਬੰਦ ਸੀ। ਜਦੋਂ ਇਹ ਧਮਾਕਾ ਹੋਇਆ ਤਾਂ ਅਸੀਂ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣੀ। ਜਦੋਂ ਅਸੀਂ ਬਾਹਰ ਆਏ ਤਾਂ ਦੇਖਿਆ ਕਿ ਦਰਵਾਜ਼ੇ ਦਾ ਸ਼ੀਸ਼ਾ ਟੁੱਟਿਆ ਹੋਇਆ ਸੀ, ਜਿਸ ਤੋਂ ਬਾਅਦ ਅਸੀਂ ਪੁਲਸ ਨੂੰ ਸ਼ਿਕਾਇਤ ਕੀਤੀ। ਧਮਾਕੇ ਦੇ ਸਮੇਂ ਰੈਸਟੋਰੈਂਟ ਦੇ ਅੰਦਰ 7-8 ਕਰਮਚਾਰੀ ਮੌਜੂਦ ਸਨ। ਕੋਈ ਜ਼ਖਮੀ ਨਹੀਂ ਹੋਇਆ। ਸੀਸੀਟੀਵੀ ਕੰਮ ਨਹੀਂ ਕਰ ਰਿਹਾ। ਇਹ ਘਟਨਾ ਤੜਕੇ 3:15 ਵਜੇ ਦੇ ਕਰੀਬ ਉਸ ਸਮੇਂ ਵਾਪਰੀ ਜਦੋਂ ਰੈਸਟੋਰੈਂਟ ਬੰਦ ਸੀ। ਸਤੰਬਰ ਵਿੱਚ ਚੰਡੀਗੜ੍ਹ ਦੇ ਪੌਸ਼ ਸੈਕਟਰ 10 ਵਿੱਚ ਇੱਕ ਸੇਵਾਮੁਕਤ ਪੁਲਿਸ ਅਧਿਕਾਰੀ ਦੇ ਘਰ ਵਿੱਚ ਘੱਟ ਤੀਬਰਤਾ ਵਾਲਾ ਧਮਾਕਾ ਹੋਇਆ ਸੀ। ਗ੍ਰਨੇਡ ਹਮਲਾ 11 ਸਤੰਬਰ ਦੀ ਸ਼ਾਮ 5.30 ਵਜੇ ਦੇ ਕਰੀਬ ਹੋਇਆ ਸੀ ਅਤੇ ਧਮਾਕੇ ਨਾਲ ਖਿੜਕੀਆਂ ਅਤੇ ਫੁੱਲਾਂ ਦੇ ਬਰਤਨ ਨੂੰ ਨੁਕਸਾਨ ਪਹੁੰਚਿਆ ਸੀ। ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਨਾਲ ਸਾਂਝੇ ਆਪਰੇਸ਼ਨ ਦੌਰਾਨ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ ਨੇ ਦਾਅਵਾ ਕੀਤਾ ਕਿ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ ਐਸਆਈ) ਦੀ ਹਮਾਇਤ ਪ੍ਰਾਪਤ ਪਾਕਿਸਤਾਨ ਸਥਿਤ ਅੱਤਵਾਦੀ ਹਰਵਿੰਦਰ ਸਿੰਘ ਉਰਫ਼ ਰਿੰਦਾ ਅਤੇ ਬੱਬਰ ਖ਼ਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਅਮਰੀਕਾ ਸਥਿਤ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆ ਨੇ ਇਸ ਕਾਰਵਾਈ ਨੂੰ ਅੰਜਾਮ ਦਿੱਤਾ ਸੀ। ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਫਿਰ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਦੋ ਵਿਅਕਤੀਆਂ ਵਿੱਚੋਂ ਇੱਕ ਰੋਹਨ ਮਸੀਹ ਹੈ, ਜੋ ਕਿ ਅੰਮ੍ਰਿਤਸਰ ਦੇ ਪਿੰਡ ਪਾਸੀਆ ਦਾ ਰਹਿਣ ਵਾਲਾ ਹੈ। ਡੀਜੀਪੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਪੁਲਿਸ ਨੇ ਉਸਦੇ ਕਬਜ਼ੇ ਵਿੱਚੋਂ ਗੋਲਾ ਬਾਰੂਦ ਸਮੇਤ ਇੱਕ ਆਧੁਨਿਕ 9 ਐਮਐਮ ਗਲੋਕ ਪਿਸਤੌਲ ਬਰਾਮਦ ਕੀਤਾ ਹੈ।

## ਫਰੀਦਕੋਟ ਪੁਲਿਸ ਵੱਲੋਂ ਨਸ਼ਾ ਤਸਕਰਾ ਖਿਲਾਫ ਸਖਤ ਕਾਰਵਾਈ, 01 ਨਸ਼ਾ ਤਸਕਰ ਨੂੰ 25 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਸਮੇਤ ਕੀਤਾ ਕਾਬੂ, ਪਹਿਲਾ ਵੀ ਦਰਜ ਹਨ ਐਨ.ਡੀ.ਪੀ.ਐਸ ਐਕਟ ਸਬੰਧੀ 03 ਮੁਕੱਦਮੇ

ਪੰਜਾਬ ਦਾ ਖੁਲਾਸਾ

**ਜੈਤੋ, 26 ਨਵੰਬਰ (ਗੁਰਦੀਪ ਸਿੰਘ ਢਿੱਲੋਂ)-** ਡਾ. ਪ੍ਰਗਿਆ ਜੈਨ ਐਸ. ਐਸ. ਪੀ ਫਰੀਦਕੋਟ ਜੀ ਦੀ ਅਗਵਾਈ ਵਿੱਚ ਫਰੀਦਕੋਟ ਪੁਲਿਸ ਵੱਲੋਂ ਨਸ਼ਿਆਂ ਦੇ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਜਿਸ ਦੇ ਤਹਿਤ ਲਗਾਤਾਰ ਸਪੈਸ਼ਲ ਨਾਕਾਬੰਦੀਆਂ ਅਤੇ ਰੇਡਾਂ ਕਰਕੇ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ। ਸ਼੍ਰੀ ਜਸਮੀਤ ਸਿੰਘ ਸਾਹੀਵਾਲ, ਐਸ.ਪੀ (ਇੰਨਵੈਸਟੀ ਗੇਸ਼ਨ) ਫਰੀਦਕੋਟ ਜੀ ਦੀ ਰਹਿਨੁਮਾਈ ਹੇਠ ਸ਼੍ਰੀ ਸੁਖਦੀਪ ਸਿੰਘ ਡੀ. ਐਸ.ਪੀ (ਜੈਤੋ) ਜੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਫਰੀਦਕੋਟ ਪੁਲਿਸ ਵੱਲੋਂ ਇੱਕ ਨਸ਼ਾ ਤਸਕਰ ਨੂੰ 25 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ।

ਥਾਣੇ: ਗੁਰਲਾਲ ਸਿੰਘ ਇੰਚਾਰਜ ਐਂਟੀ ਨਾਰਕੋਟਿਕ ਸੈੱਲ ਜੀ ਦੀ ਨਿਗਰਾਨੀ ਹੇਠ ਸ:ਥ: ਹਾਕਮ ਸਿੰਘ ਸਮੇਤ ਪੁਲਿਸ ਪਾਰਟੀ ਦੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੇ ਸਬੰਧ ਵਿੱਚ ਗਸ਼ਤ ਅਤੇ ਸ਼ਿਫਟਿੰਗ ਨਾਕਾਬੰਦੀ ਕਰ ਰਹੇ ਸਨ। ਜਦੋ ਪੁਲਿਸ ਪਾਰਟੀ ਆਰਜੀ ਬੱਸ ਸਟੈਡ ਬਾਜਾਖਾਨਾ ਪਾਸ ਪੁੱਜੀ ਤਾ ਕਿ ਇਕ ਮੋਨਾ ਵਿਅਕਤੀ ਬੱਸ ਸਟੈਡ ਸ਼ੈਡ ਥੱਲੇ ਪਲਾਸਟਿਕ ਗੱਟਾ ਪਾਸ ਬੈਠਾ ਦਿਖਾਈ ਦਿਤਾ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਇੱਕ ਦਮ ਖੜਾ ਹੋ ਕੇ ਖਿਸਕਣ ਲੱਗਾ ਤਾ ਪੁਲਿਸ ਪਾਰਟੀ ਵੱਲੋਂ ਉਕਤ ਵਿਅਕਤੀ ਨੂੰ ਕਾਬੂ ਕਰਕੇ ਨਾਮ ਅਤੇ ਪਤਾ ਪੁੱਛਿਆ ਤਾ ਜਿਸਨੇ ਆਪਣਾ ਨਾਮ ਸੰਦੀਪ ਸਿੰਘ ਉਰਫ ਸੀਪਾ ਪੁੱਤਰ ਗੁਰਮੇਲ ਸਿੰਘ ਵਾਸੀ ਟਿੱਬੀ ਸਾਹਿਬ ਰੋਡ ਸਾਦਾ ਪੱਤੀ ਜੈਤੋ, ਜਿਲਾ ਫਰੀਦਕੋਟ ਦੱਸਿਆ ਅਤੇ ਜਦੋ ਪੁਲਿਸ ਪਾਰਟੀ ਵੱਲੋਂ ਸੰਦੀਪ ਸਿੰਘ ਉਕਤ ਦੇ ਕਬਜੇ ਵਾਲੇ ਗੱਟਾ ਪਲਾਸਟਿਕ ਦਾ ਮੂੰਹ ਖੋਲ ਕੇ ਤਲਾਸ਼ੀ ਕੀਤੀ ਜਿਸ ਵਿਚੋ 25 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ। ਜਿਸਤੇ ਮੁਕੱਦਮਾ ਨੰਬਰ 118 ਮਿਤੀ 25.11.2024 ਅ/ਧ 15(ਬੀ)/61/85 ਐਨ.ਡੀ.ਪੀ.ਐਸ ਐਕਟ ਥਾਣਾ ਬਾਜਾਖਾਨਾ ਦਰਜ ਰਜਿਸਟਰ ਕੀਤਾ



ਗਿਆ। ਦੋਸ਼ੀ ਸੰਦੀਪ ਸਿੰਘ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਡ ਹਾਸਿਲ ਕੀਤਾ ਜਾਵੇਗਾ। ਉਕਤ ਦੋਸ਼ੀ ਦੇ ਬੈਕਵਰਡ ਅਤੇ ਫਾਰਵਰਡ ਲਿੰਕਾ ਦੀ ਜਾਚ ਕੀਤੀ ਜਾ ਰਹੀ ਹੈ।

ਉਕਤ ਦੋਸ਼ੀ ਸੰਦੀਪ ਸਿੰਘ ਉਰਫ ਸੀਪਾ ਪੁੱਤਰ ਗੁਰਮੇਲ ਸਿੰਘ ਵਾਸੀ ਟਿੱਬੀ ਸਾਹਿਬ ਰੋਡ ਸਾਦਾ ਪੱਤੀ ਜੈਤੋ, ਜਿਲਾ ਫਰੀਦਕੋਟ ਦੇ ਖਿਲਾਫ ਇਸ ਤੋ ਪਹਿਲਾ ਵੀ ਐਨ.ਡੀ.ਪੀ.ਐਸ ਐਕਟ ਸਬੰਧੀ ਹੇਠ ਲਿਖੇ ਮੁਕੱਦਮੇ ਦਰਜ ਹਨ:-

1) ਮੁਕੱਦਮਾ ਨੰਬਰ 11 ਮਿਤੀ 10.03.2016 ਅ/ਧ 15/61/85 ਐਨ.ਡੀ.ਪੀ.ਐਸ ਐਕਟ ਥਾਣਾ ਸਦਰ ਫਰੀਦਕੋਟ

2) ਮੁਕੱਦਮਾ ਨੰਬਰ 92 ਮਿਤੀ 22.08.2016 ਅ/ਧ 15/61/85 ਐਨ.ਡੀ.ਪੀ.ਐਸ ਐਕਟ ਥਾਣਾ ਜੈਤੋ

3) ਮੁਕੱਦਮਾ ਨੰਬਰ 111 ਮਿਤੀ 01.08.2023 ਅ/ਧ 15(ਬੀ)/29/61/85 ਐਨ. ਡੀ.ਪੀ.ਐਸ ਐਕਟ ਥਾਣਾ ਜੈਤੋ ਫਰੀਦਕੋਟ ਪੁਲਿਸ ਨਸ਼ਿਆਂ ਅਤੇ ਕ੍ਰਾਈਮ ਨੂੰ ਜੜ੍ਹ ਤੋਂ ਖਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਅਸੀਂ ਦਿਨ ਰਾਤ ਇੱਕ ਕਰਕੇ ਸਮਾਜ ਨੂੰ ਸੁਰੱਖਿਅਤ ਬਣਾਉਣ ਲਈ ਯਤਨਸ਼ੀਲ ਹਾਂ। ਫਰੀਦਕੋਟ ਪੁਲਿਸ ਵੱਲੋ ਪਬਲਿਕ ਨੂੰ ਅਪੀਲ ਹੈ ਕਿ ਜੇਕਰ ਤੁਹਾਡੇ ਕੋਲ ਨਸ਼ਾ ਵੇਚਣ ਵਾਲਿਆ ਸਬੰਧੀ ਕੋਈ ਵੀ ਜਾਣਕਾਰੀ ਹੈ ਤਾਂ ਤੁਸੀਂ ਉਸਦੀ ਜਾਣਕਾਰੀ ਸਾਨੂੰ ਸਿੱਧੇ ਤੌਰ ਤੇ ਡਰੱਗ ਹੈਲਪਲਾਈਨ ਨੰਬਰ 75270-29029 ਤੇ ਦੇ ਸਕਦੇ ਹੋ। ਤੁਹਾਡੀ ਪਹਿਚਾਣ ਪੂਰਨ ਤੌਰ ਤੇ ਗੁਪਤ ਰਹੇਗੀ।

## ਫ਼ਾਜ਼ਿਲਕਾ 'ਚ ਭੇਤਭਰੇ ਹਲਾਤ 'ਚ ਮਿਲੀ ਨੌਜਵਾਨ ਦੀ ਖ਼ੂਨ ਨਾਲ ਲਥਪਥ ਲਾਸ਼, ਸੀਸੀਟੀਵੀ ਖੰਗਾਲ ਰਹੀ ਪੁਲਿਸ

ਪੰਜਾਬ ਦਾ ਖੁਲਾਸਾ

**ਫ਼ਾਜ਼ਿਲਕਾ, 26 ਨਵੰਬਰ** :ਫਾਜ਼ਿਲਕਾ ਜ਼ਿਲ੍ਹੇ ਅੰਦਰ ਅੱਜ ਸਵੇਰੇ ਅਬੋਹਰ ਦੇ ਲਾਈਨ ਪਾਰ ਇਲਾਕੇ ਦੇ ਜੇ.ਪੀ ਪਾਰਕ ਵਿੱਚ ਦੋ ਨੌਜਵਾਨ ਖ਼ੂਨ ਨਾਲ ਲੱਥਪੱਥ ਹਾਲਤ ਵਿੱਚ ਪਏ ਹੋਣ ਦਾ ਮਾਮਲਾ ਸਮਾਣੇ ਆਇਆ ਹੈ । ਜਿਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਚੁੱਕੀ ਸੀ। ਜਦੋਂਕਿ ਦੂਜੇ ਨੌਜਵਾਨ ਦਾ ਸਾਹ ਚੱਲ ਰਹੇ ਸਨ।ਉਸ ਨੂੰ ਤੁਰੰਤ ਸਿਵਲ ਹਸਪਤਾਲ ਲਿਜਾਇਆ ਗਿਆ। ਜਿੱਥੋਂ ਉਸ ਨੂੰ ਹਸਪਤਾਲ 'ਚ ਤਾਇਨਾਤ ਡਾਕਟਰਾਂ ਵਲੋਂ ਰੈਫਰ ਕੀਤਾ। ਸੂਚਨਾ ਮਿਲਣ 'ਤੇ ਡੀਐਸਪੀ ਅਬੋਹਰ, ਦੋਵੇਂ ਥਾਣਿਆਂ ਦੇ ਇੰਚਾਰਜ ਅਤੇ ਸਮਾਜ ਸੇਵੀ ਸੰਸਥਾ ਦੇ ਮੈਂਬਰ ਮੌਕੇ 'ਤੇ ਪੁੱਜੇ ਅਤੇ ਪੁਲਿਸ ਨੇ ਮ੍ਰਿਤਕ ਦੀ ਲਾਸ਼ ਨੂੰ ਸ਼ਨਾਖਤ ਅਤੇ ਪੋਸਟਮਾਰਟਮ ਲਈ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ। ਪਾਰਕ 'ਚ ਨੌਜਵਾਨ ਦੇ ਕਤਲ ਦੀ ਖਬਰ ਸੁਣ ਕੇ ਆਸ-ਪਾਸ ਦੇ ਲੋਕ ਹੈਰਾਨ ਰਹਿ ਗਏ। ਜਾਣਕਾਰੀ ਅਨੁਸਾਰ ਅੱਜ ਸਵੇਰੇ ਜੇ.ਪੀ.ਪਾਰਕ 'ਚ ਸੈਰ ਕਰ ਰਹੇ ਲੋਕਾਂ ਨੇ ਇਕ ਨੌਜਵਾਨ ਦੀ ਖ਼ੂਨ ਨਾਲ ਲੱਥਪੱਥ ਹਾਲਤ 'ਚ ਲਾਸ਼ ਦੇਖ ਕੇ ਨਰ ਸੇਵਾ ਨਰਾਇਣ ਸੇਵਾ ਸੰਸਥਾ ਦੇ ਮੈਂਬਰਾਂ ਨੂੰ ਸੂਚਨਾ ਦਿੱਤੀ। ਜਿਸ 'ਤੇ ਬਿੱਟੂ ਨਰੂਲਾ ਅਤੇ ਹੋਰ ਟੀਮ ਉਥੇ ਪਹੁੰਚੀ ਅਤੇ ਦੇਖਿਆ ਕਿ ਇਕ ਹੋਰ ਨੌਜਵਾਨ ਸੀ। ਉਹ ਵੀ ਖ਼ੂਨ ਨਾਲ ਲੱਥਪੱਥ ਹਾਲਤ 'ਚ ਉਥੇ ਪਿਆ ਸੀ,ਪਰ ਉਸ ਨੂੰ ਤੁਰੰਤ ਹਸਪਤਾਲ ਭੇਜਿਆ ਗਿਆ ਅਤੇ ਪੁਲਿਸ ਨੂੰ ਸੂਚਨਾ ਦਿੱਤੀ ਗਈ।

## ਸਿੱਧੂ ਜੋੜੇ ਨੂੰ ਕਾਨੂੰਨੀ ਨੋਟਿਸ ਜਾਰੀ, 7 ਦਿਨਾਂ ਅੰਦਰ ਮੰਗੋ ਮੁਆਫ਼ੀ

ਪੰਜਾਬ ਦਾ ਖੁਲਾਸਾ

**ਦਿੱਲੀ, 26 ਨਵੰਬਰ-** ਪ੍ਰਸਿੱਧ ਕ੍ਰਿਕਟ ਖਿਡਾਰੀ ਅਤੇ ਰਾਜਨੇਤਾ ਨਵਜੋਤ ਸਿੰਘ ਸਿੱਧੂ ਜੋੜੇ ਨੂੰ ਕਾਨੂੰਨੀ ਨੋਟਿਸ ਜਾਰੀ ਕਰਦੇ ਹੋਏ 7 ਦਿਨਾਂ ਦੇ ਅੰਦਰ ਕੈਂਸਰ ਇਲਾਜ ਦੇ ਦਸਤਾਵੇਜ਼ ਪੇਸ਼ ਕਰਨ ਅਤੇ ਮੁਆਫ਼ੀ ਮੰਗਣ ਦੀ ਮੰਗ ਕੀਤੀ ਹੈ, ਨਹੀਂ ਤਾਂ 850 ਕਰੋੜ ਰੁਪਏ ਦੇ ਮੁਆਵਜ਼ਾ ਦਾ ਦਾਅਵਾ ਕਰਨ ਦੀ ਚਿਤਾਵਨੀ ਦਿੱਤੀ ਹੈ। ਇਹ ਕਾਨੂੰਨੀ ਨੋਟਿਸ ਛੱਤੀਸਗੜ੍ਹ ਸਿਵਲ ਸੋਸਾਇਟੀ ਵਲੋਂ ਭੇਜਿਆ ਗਿਆ ਹੈ। ਦਰਅਸਲ ਸ਼੍ਰੀ ਸਿੱਧੂ ਨੇ ਪ੍ਰੈੱਸ ਕਾਨਫਰੰਸ ਕਰ ਕੇ ਆਪਣੀ ਪਤਨੀ ਦੇ ਸਟੇਜ-4 ਕੈਂਸਰ ਦੀ ਰਿਕਵਰੀ ਨੂੰ ਨੈਚੁਰੋਪੈਥੀ ਪੈਥੀ ਡਾਈਟ ਅਤੇ ਲਾਈਫ ਸਟਾਈਲ ਨਾਲ ਕੀਤੇ ਜਾਣ ਦਾਅਵਾ ਕੀਤਾ ਸੀ। ਇਸੇ ਦਾਅਵੇ ਨੂੰ ਲੈ ਕੇ ਛੱਤੀਸਗੜ੍ਹ ਸਿਵਲ ਸੋਸਾਇਟੀ ਨੇ ਸਿੱਧੂ ਜੋੜੇ ਨੂੰ ਜਾਰੀ ਕੀਤਾ ਕਾਨੂੰਨੀ ਨੋਟਿਸ : 7 ਦਿਨਾਂ ਦੇ ਅੰਦਰ ਇਲਾਜ ਦੇ ਦਸਤਾਵੇਜ਼ ਪੇਸ਼ ਕਰੋ ਅਤੇ ਮੁਆਫ਼ੀ ਮੰਗੋ ਨਹੀਂ ਤਾਂ 100 ਮਿਲੀਅਨ ਡਾਲਰ (850 ਕਰੋੜ ਰੁਪਏ) ਦੇ ਮੁਆਵਜ਼ੇ ਦਾ ਦਾਅਵਾ ਕੀਤਾ ਜਾਵੇਗਾ। ਸਿਵਲ ਸੋਸਾਇਟੀ ਨੇ ਇਹ ਵੀ ਕਿਹਾ ਕਿ ਪ੍ਰਮਾਣਿਤ ਦਸਤਾਵੇਜ਼ ਪੇਸ਼ ਕਰਨ ਦੇ ਨਾਲ ਹੀ ਇਸ ਤਰ੍ਹਾਂ ਦੀ ਗੁੰਮਰਾਹਕੁੰਨ ਜਾਣਕਾਰੀ ਦੇ ਸੰਬੰਧ 'ਚ ਸਪੱਸ਼ਟੀਕਰਨ ਦੇਣ ਅਤੇ ਇਸ ਤਰ੍ਹਾਂ ਦੇ ਦਾਅਵਿਆਂ ਨੂੰ ਵਾਪਸ ਲੈਣ ਦੀ ਗੱਲ ਕਹੀ ਹੈ। ਛੱਤੀਸਗੜ੍ਹ ਸਿਵਲ ਸੋਸਾਇਟੀ ਦੇ ਕਨਵੀਨਰ ਡਾ. ਕੁਲਦੀਪ ਸੋਲੰਕੀ ਨੇ ਸਿੱਧੂ ਜੋੜੇ ਨੂੰ ਕਾਨੂੰਨੀ ਨੋਟਿਸ ਜਾਰੀ ਕਰ ਕੇ ਕਿਹਾ ਕਿ ਹਾਲ ਹੀ 'ਚ ਤੁਹਾਡੇ ਪਤੀ ਨਵਜੋਤ ਸਿੰਘ ਸਿੱਧੂ ਨੇ ਤੁਹਾਡੇ ਕੈਂਸਰ ਰੋਗ ਦੇ ਸੰਬੰਧ 'ਚ ਅੰਮ੍ਰਿਤਸਰ ਸਥਿਤ ਤੁਹਾਡੇ ਘਰ ਇਕ ਪ੍ਰੈੱਸ ਕਾਨਫਰੰਸ ਕਰ ਕੇ ਖ਼ੁਲਾਸਾ ਕੀਤਾ ਕਿ ਤੁਸੀਂ ਸਟੇਜ-4 ਕੈਂਸਰ ਨੂੰ ਲਾਈਫ ਸਟਾਈਲ ਅਤੇ ਡਾਈਟ 'ਚ ਤਬਦੀਲੀ ਕਰ ਕੇ ਹਰਾਇਆ ਹੈ।



## ਮਹਿਣਾ ਚੌਂਕ ਬਠਿੰਡਾ ਮਾਮਲੇ ਵਿੱਚ ਇੱਕ ਗ੍ਰਿਫਤਾਰ, ਮੋਟਰਸਾਇਕਲ ਬਰਾਮਦ

ਪੰਜਾਬ ਦਾ ਖੁਲਾਸਾ

**ਬਠਿੰਡਾ, 26 ਨੰਬਵਰ (ਰਾਮ ਸਿੰਘ ਕਲਿਆਣ)-** ਸੀਨੀਅਰ ਕਪਤਾਨ ਪੁਲਿਸ ਬਠਿੰਡਾ ਮੈਡਮ ਅਮਨੀਤ ਕੋਂਡਲ ਆਈ.ਪੀ.ਐਸ ਵਲੋ ਦਿੱਤੇ ਗਏ ਦਿਸਾ ਨਿਰਦੇਸਾ ਅਨੁਸਾਰ ਐੱਸ ਪੀ ਸਿਟੀ ਨਰਿੰਦਰ ਸਿੰਘ ਦੀ ਰਹਿਨੁਮਾਈ ਹੇਠ ਅਤੇ ਹਰਬੰਸ ਸਿੰਘ ਡੀ.ਐੱਸ.ਪੀ ਸਿਟੀ ਦੀ ਅਗਵਾਈ ਵਿੱਚ ਇੰਸਪੈਕਟਰ ਪਰਵਿੰਦਰ ਸਿੰਘ ਮੁੱਖ ਅਫਸਰ ਥਾਣਾ ਕੋਤਵਾਲੀ ਬਠਿੰਡਾ ਅਤੇ ਇੰਸ ਨਵਪ੍ਰੀਤ ਸਿੰਘ ਇੰਚਾਰਜ ਸਮੇਤ ਟੀਮ ਸੀ.ਆਈ.ਏ ਸਟਾਫ-1 ਵੱਲੋ ਥਾਣਾ ਕੋਤਵਾਲੀ ਬਠਿੰਡਾ ਵਿਖੇ ਦਰਜ ਹੋਏ ਅੰਨੇ ਕਤਲ ਨੂੰ ਟਰੇਸ ਕਰਕੇ ਮੁੱਕਦਮਾ ਵਿਚ ਸਫਲਤਾ ਹਾਸਲ ਕੀਤੀ ਹੈ।



ਬੀਤੀ 18 ਨੰਬਵਰ ਨੂੰ ਇੰਸ ਪਰਵਿੰਦਰ ਸਿੰਘ ਨੂੰ ਜਾਣਕਾਰੀ ਮਿਲੀ ਕਿ ਬੱਬੂ ਜਿਸ ਦੀ ਉਮਰ ਜਿਸਦੀ ਉਮਰ ਕਰੀਬ 30 ਸਾਲ ਹੋਵੇਗੀ, ਇਹ ਤੁਸ਼ਾਰ ਇਲੈਕਟ੍ਰੋਨਿਕਸ, ਕਿੱਲਾ ਰੋਡ ਬਠਿੰਡਾ ਨਾਮ ਦੀ ਦੁਕਾਨ ਪਰ ਨੌਕਰ ਵਜੋ ਕੰਮ ਕਰਦਾ ਸੀ। ਮਿਤੀ 18 ਨੰਬਵਰ ਨੂੰ ਵਕਤ ਕਰੀਬ 07:30 ਵਜੇ ਸ਼ਾਮ ਬੱਬੂ ਆਪਣੀ ਇਸ ਦੁਕਾਨ ਤੋ ਕੰਮ ਕਰਕੇ ਆਪਣੇ ਸਾਥੀ ਨਾਲ ਸਕੂਟਰੀ ਪਰ, ਜਿਸਨੂੰ ਬੱਬੂ ਚਲਾ ਰਿਹਾ ਸੀ, ਦੇ ਮਹਿਣਾ ਚੌਂਕ ਤੋਂ ਫੌਜੀ ਚੌਕ ਵੱਲ ਜਾ ਰਿਹਾ ਸੀ ਤਾ ਜਦ ਉਹ ਹਿਊਮਨ ਮੋਬਾਇਲ ਡਿਵਾਇਸ ਨਾਮ ਦੀ ਦੁਕਾਨ ਦੇ ਸਾਹਮਣੇ ਪੁੱਜੇ ਤਾ ਵਕਤ ਕਰੀਬ 07:35 ਵਜੇ ਸ਼ਾਮ ਦਾ ਹੋਵੇਗਾ ਕਿ ਦੋ ਨੌਜਵਾਨ ਲੜਕੇ ਮੋਟਰਸਾਈਕਲ ਸਪਲੈਂਡਰ ਰੰਗ ਕਾਲਾ ਪਰ ਉਸਦੇ ਪਿੱਛੇ ਤੋ ਆਏ ਅਤੇ ਜਿੰਨਾ ਵਿੱਚੋਂ ਮੋਟਰਸਾਈਕਲ ਦੇ ਪਿੱਛੇ ਬੈਠੇ ਲੜਕੇ ਨੇ ਬੱਬੂ ਦੇ ਗੋਲੀਆ ਚਲਾਈਆ ਤੇ ਬੱਬੂ ਧਰਤੀ ਤੇ ਡਿੱਗ ਪਿਆ, ਦੋਨੋ ਕਾਤਿਲ ਮੌਕਾ ਤੋ ਮੋਟਰਸਾਈਕਲ ਲੈਕੇ ਭੱਜ ਗਏ।

ਗੋਲੀਆ ਲੱਗਣ ਕਾਰਨ ਬੱਬੂ ਦੀ ਮੌਤ ਹੋ ਗਈ।ਦੋਰਾਨੇ ਤਫਤੀਸ ਦੋਸ਼ੀ ਨਾਮਜਦ ਕੀਤੇ ਗਿਆ ਅਤੇ ਮਿਤੀ 23 ਨੰਬਵਰ ਨੂੰ ਕਥਿਤ ਦੋਸੀ ਅੰਗਰੇਜ ਸਿੰਘ ਨੂੰ ਐਸ ਆਈ ਮੋਹਨਦੀਪ ਸਿੰਘ ਸੀ.ਆਈ.ਏ ਸਟਾਫ ਬਠਿੰਡਾ-1 ਵੱਲੋਂ ਗ੍ਰਿਫਤਾਰ ਕੀਤਾ ਗਿਆ। ਜਿੱਥੇ ਇੰਸ ਪਰਵਿੰਦਰ ਸਿੰਘ ਵੱਲੋ ਦੋਸ਼ੀ ਨੂੰ ਪੁੱਛਗਿੱਛ ਕਰਕੇ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 2 ਦਿਨ ਦਾ ਪੁਲਿਸ ਰਿਮਾਡ ਹਾਸਲ ਕੀਤਾ ਗਿਆ ਸੀ। ਮਿਤੀ 25.11.24 ਨੂੰ ਇੰਸ ਪਰਵਿੰਦਰ ਸਿੰਘ ਦੀ ਪੁੱਛਗਿੱਛ ਦੌਰਾਨ ਵਾਰਦਾਤ ਵਿਚ ਵਰਤਿਆ ਮੋਟਰਸਾਈਕਲ ਮਾਰਕਾ ਹੋਡਾ ਸਾਈਨ ਰੰਗ ਕਾਲਾ ਨੰਬਰੀ PB010 EN 8670 ਨੇੜੇ ਅੰਡਰ ਬ੍ਰਿਜ ਬਠਿੰਡਾ-ਤਲਵੰਡੀ ਰੋਡ ਬ੍ਰਾਮਦ ਕੀਤਾ ਗਿਆ।

## ਬਠਿੰਡਾ ਪੁਲਿਸ ਨੇ ਦਬੋਚੀ ਡਾਕੇ ਦੀ ਤਿਆਰੀ 'ਚ ਤਿੱਕੜੀ-ਅਸਲਾ ਬਰਾਮਦ

ਪੰਜਾਬ ਦਾ ਖੁਲਾਸਾ

**ਰਾਮਾਂ ਮੰਡੀ, 26 ਨਵੰਬਰ (ਅਸ਼ੋਕ)** ਬਠਿੰਡਾ ਪੁਲਿਸ ਦੇ ਥਾਣਾ ਕੈਨਾਲ ਕਲੋਨੀ ਪੁਲਿਸ ਨੇ ਹਥਿਆਰਾਂ ਦੀ ਨੋਕ ਤੇ ਕਿਸੇ ਪੈਟਰੋਲ ਪੰਪ ਤੇ ਡਾਕਾ ਮਾਰਨ ਦੀ ਤਿਆਰੀ 'ਚ ਇੱਕ ਤਿੱਕੜੀ ਗਿਰੋਹ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਗ੍ਰਿਫਤਾਰ ਮੁਲਜਮਾਂ ਵਿੱਚ ਇੱਕ ਸੀ ਕੈਟਾਗਿਰੀ ਦਾ ਗੈਂਗਸਟਰ ਹਰਕਮਲ ਸਿੰਘ ?ਰਫ ਰਾਣੂੰ ਪੁੱਤਰ ਸੁਰਿੰਦਰ ਸਿੰਘ ਵਾਸੀ ਪਰਸਰਾਮ ਨਗਰ ਵੀ ਸ਼ਾਮਲ ਹੈ ਜਿਸ ਨੂੰ ਸਾਲ 2022 ਦੌਰਾਨ ਨਾਮੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ 'ਚ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ। ਬਾਕੀ ਦੋਵਾਂ ਮੁਲਜਮਾਂ ਦੀ ਪਛਾਣ ਓਮਕਾਰ ਉਰਫ ਬੁੱਗੀ, ਹਰਕਮਲ ਸਿੰਘ ਉਰਫ ਰਾਣੂ ਅਤੇ ਮੁਨੀਸ਼ ਕੁਮਾਰ ਉਰਫ ਮੱਛੀ ਵਜੋਂ ਕੀਤੀ ਗਈ ਹੈ। ਪੁਲਿਸ ਨੇ ਮੁਲਜਮਾਂ ਤੋਂ 12 ਬੋਰ ਦਾ ਦੇਸੀ ਕੱਟਾ, ਦੋ ਜਿੰਦਾ ਕਾਰਤੂਸ ,ਰਾਡ ਤੇ ਜੜੀ ਇੱਕ ਸਾਈਕਲ ਦੀ ਗਰਾਰੀ, ਇੱਕ ਕਿਰਪਾਨ , ਇੱਕ ਮੋਟਰਸਾਈਕਲ ਅਤੇ ਇੱਕ ਐਕਟਿਵਾ ਬਰਾਮਦ ਕੀਤੀ ਹੈ। ਐਸਪੀ ਸਿਟੀ ਬਠਿੰਡਾ ਨਰਿੰਦਰ ਸਿੰਘ ਨੇ ਅੱਜ ਡੀਐਸਪੀ ਸਿਟੀ-1 ਬਠਿੰਡਾ ਹਰਬੰਸ ਸਿੰਘ ਤੇ ਹੋਰ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਇਸ ਸਬੰਧ 'ਚ ਜਾਣਕਾਰੀ ਪ੍ਰੈਸ ਕਾਨਫਰੰਸ ਕਰਕੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਓਮਕਾਰ ਉਰਫ ਬੁੱਗੀ, ਹਰਕਮਲ ਸਿੰਘ ਉਰਫ ਰਾਣੂ, ਮੁਨੀਸ਼ ਕੁਮਾਰ ਉਰਫ ਮੱਛੀ ,ਹਰਪ੍ਰੀਤ ਸਿੰਘ ਉਰਫ ਹੈਪੀ ਅਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀਆਨ ਬਠਿੰਡਾ ਨੇ ਇੱਕ ਗੈਂਗ ਬਣਾਇਆ ਹੋਇਆ ਹੈ ਜੋ ਨਜਾਇਜ ਅਸਲੇ ਅਤੇ ਹੋਰ ਮਾਰੂ ਹਥਿਆਰ ਨਾਲ ਲੈਸ ਹੋ ਕੇ ਕਿਸੇ ਪੈਟਰੋਲ ਪੰਪ 'ਤੇ ਡਾਕਾ ਮਾਰਨ ਜਾਂ ਕਿਸੇ ਹੋਰ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਬਾਦਲ ਪੁਲ ਦੇ ਥੱਲੇ ਨੇੜੇ ਰੇਲਵੇ ਲਾਇਨਾਂ ਪਾਸ ਬੈਠੇ ਵਿਉਂਤ ਬੰਦੀ ਕਰ ਰਹੇ ਹਨ। ਸੂਚਨਾ ਮੁਤਾਬਕ ਜੇਕਰ ਪੁਲਿਸ ਤੁਰੰਤ ਛਾਪਾ ਮਾਰੇ ਤਾਂ ਇਨ੍ਹਾਂ ਤੋਂ ਨਜਾਇਜ ਅਸਲਾ ਅਤੇ ਹੋਰ ਮਾਰੂ ਹਥਿਆਰ ਬਰਾਮਦ ਹੋ ਸਕਦੇ ਹਨ।



ਐਸਪੀ ਨੇ ਦੱਸਿਆ ਕਿ ਇਸ ਸੂਚਨਾ ਦੇ ਅਧਾਰ ਤੇ 25 ਨਵੰਬਰ ਦਿਨ ਮੰਗਲਵਾਰ ਨੂੰ ਇਨ੍ਹਾਂ ਪੰਜਾਂ ਵਿਅਕਤੀਆਂ ਖਿਲਾਫ ਬੀਐਨਐਸ ਦੀ ਧਾਰਾ 310(4), 310(5) ਬੀ.ਐਨ.ਐਸ. 25/54/59 ਅਸਲਾ ਐਕਟ ਥਾਣਾ ਕੈਨਾਲ ਕਲੋਨੀ ਬਠਿੰਡਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਕਾਰਵਾਈ ਕਰਦਿਆਂ ਤਿੰਨ ਜਣਿਆਂ ਨੂੰ ਗ੍ਰਿਫਤਾਰ ਕਰ ਲਿਆ ਜਿੰਨ੍ਹਾਂ ਤੋਂ ਦੇਸੀ ਕੱਟਾ,ਕਾਰਤੂਸ, ਮੋਟਰ ਸਾਈਕਲ ,ਐਕਟਿਵਾ ਤੇ ਦੋ ਹੋਰ ਤੇਜ਼ਧਾਰ ਹਥਿਆਰ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਮੁਲਜਮ ਨਸ਼ਾ ਕਰਨ ਦੇ ਆਦੀ ਹਨ ਜਿਸ ਲਈ ਇਹ ਪਹਿਲਾਂ ਵੀ ਛੋਟੀਆਂ ਮੋਟੀਆਂ ਲੁੱਟਾ ਖੋਹਾਂ ਕਰਦੇ ਰਹਿੰਦੇ ਹਨ। ਹੁਣ ਵੀ ਜਦੋਂ ਇੰਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਇਹ ਕਿਸੇ ਵੱਡੀ ਵਾਰਦਾਤ ਕਰਨ ਦੇ ਇਰਾਦੇ ਨਾਲ ਵਿਉਂਤ ਬਣਾ ਰਹੇ ਸਨ। ਉਨ੍ਹਾਂ ਦੱਸਿਆ ਕਿ ਡੂੰਘਾਈ ਨਾਲ ਪੁੱਛਗਿਛ ਕਰਨ ਲਈ ਮੁਲਜਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲਿਆ ਜਾ ਰਿਹਾ ਹੈ।

## ਟੈਂਟ 'ਚ ਸੁੱਤੇ ਲੋਕਾਂ 'ਤੇ ਜਾ ਚੜ੍ਹਿਆ ਟਰੱਕ, ਮੰਜ਼ਰ ਦੇਖਣ ਵਾਲਿਆਂ ਨੇ ਮਾਰੀਆਂ ਚੀਕਾਂ

ਪੰਜਾਬ ਦਾ ਖੁਲਾਸਾ

**ਤ੍ਰਿਸ਼ੂਰ, 26 ਨਵੰਬਰ** -: ਕੇਰਲ ਦੇ ਤ੍ਰਿਸ਼ੂਲ ਜ਼ਿਲ੍ਹੇ ਵਿੱਚ ਮੰਗਲਵਾਰ ਤੜਕੇ ਇੱਕ ਟਰੱਕ ਸੜਕ ਕਿਨਾਰੇ ਲੱਗੇ ਟੈਂਟ ਵਿੱਚ ਦਾਖ਼ਲ ਹੋ ਗਿਆ, ਜਿਸ ਕਾਰਨ ਦਰਦਨਾਕ ਹਾਦਸਾ ਵਾਪਰ ਗਿਆ। ਇਸ ਹਾਦਸੇ ਕਾਰਨ ਟੈਂਟ ਵਿਚ ਸੌਂ ਰਹੇ ਦੋ ਬੱਚਿਆਂ ਸਮੇਤ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਪੁਲਸ ਨੇ ਦੱਸਿਆ ਕਿ ਖਾਨਾਬਦੋਸ਼ ਲੋਕ ਵਲਪਾੜ ਪੁਲਸ ਥਾਣਾ ਖੇਤਰ ਦੇ ਅਧੀਨ ਨਟਿਕਾ ਵਿਖੇ ਰਾਸ਼ਟਰੀ ਰਾਜਮਾਰਗ ਦੇ ਕਿਨਾਰੇ ਆਪਣੇ ਤੰਬੂਆਂ ਵਿੱਚ ਸੌਂ ਰਹੇ ਸਨ।



ਉਹਨਾਂ ਕਿਹਾ ਕਿ ਇਸ ਦੌਰਾਨ ਸਵੇਰੇ 4.30 ਵਜੇ ਦੇ ਕਰੀਬ ਇਕ ਤੇਜ਼ ਰਫ਼ਤਾਰ ਟਰੱਕ ਨੇ ਉਨ੍ਹਾਂ ਨੂੰ ਕੁਚਲ ਦਿੱਤਾ। ਉਨ੍ਹਾਂ ਦੱਸਿਆ ਕਿ ਜ਼ਖਮੀਆਂ ਨੂੰ ਤ੍ਰਿਸ਼ੂਰ ਦੇ ਸਰਕਾਰੀ ਮੈਡੀਕਲ ਕਾਲਜ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ, ਜਿੱਥੇ ਦੋ ਲੋਕਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਪੁਲਸ ਨੇ ਦੱਸਿਆ ਕਿ ਮਰਨ ਵਾਲਿਆਂ ਵਿੱਚ ਡੇਢ ਸਾਲ ਅਤੇ ਚਾਰ ਸਾਲ ਦੇ ਦੋ ਬੱਚੇ ਅਤੇ ਦੋ ਔਰਤਾਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਗੱਡੀ ਦੇ ਡਰਾਈਵਰ ਅਤੇ ਸਵਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪੁਲਸ ਵਲੋਂ ਇਸ ਮਾਮਲੇ ਦੇ ਸਬੰਧ ਵਿਚ ਕਾਰਵਾਈ ਕੀਤੀ ਜਾ ਰਹੀ ਹੈ।

## ਐਨ.ਆਰ.ਆਈਜ਼ ਨੂੰ ਨਿਸ਼ਾਨਾ ਬਣਾਉਣ ਵਾਲੇ ਸਨੈਚਰ ਵੱਲੋਂ ਪੁਲਿਸ ਹਿਰਾਸਤ 'ਚੋਂ ਭੱਜਣ ਦੀ ਕੋਸ਼ਿਸ਼ ਨਾਕਾਮ; ਪੁਲਿਸ ਨੇ ਲੱਤ ਵਿੱਚ ਗੋਲੀ ਮਾਰ ਕੇ ਮੁਲਜ਼ਮ ਨੂੰ ਭੱਜਣ ਤੋਂ ਰੋਕਿਆ

**ਮੌਕੇ 'ਤੇ ਹੀ ਮਿਸਾਲੀ ਕਾਰਵਾਈ ਕਰਦਿਆਂ ਪੁਲਿਸ ਨੇ ਮੁਲਜ਼ਮ ਨੂੰ ਲੱਤ ਵਿੱਚ ਗੋਲੀ ਮਾਰ ਕੇ ਸਥਿਤੀ ਨੂੰ ਕਾਬੂ ਕੀਤਾ, ਟੀਮ ਅਤੇ ਮੌਕੇ 'ਤੇ ਮੌਜੂਦ ਲੋਕਾਂ ਦੇ ਬਚਾਅ ਨੂੰ ਯਕੀਨੀ ਬਣਾਉਂਦਿਆਂ ਕੀਤੀ ਮਿਸਾਲੀ ਕਾਰਵਾਈ: ਡੀਜੀਪੀ ਗੌਰਵ ਯਾਦਵ**

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ, 26 ਨਵੰਬਰ (ਦਿਨੇਸ਼ ਸੋਨੀ)-** ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਪਰਵਾਸੀ ਭਾਰਤੀਆਂ (ਐਨ.ਆਰ.ਆਈਜ਼) ਨੂੰ ਨਿਸ਼ਾਨਾ ਬਣਾਉਣ ਦੀਆਂ ਦੋ ਘਟਨਾਵਾਂ ਵਿੱਚ ਸ਼ਾਮਲ ਸਨੈਚਰ ਵੱਲੋਂ ਪੁਲਿਸ ਹਿਰਾਸਤ ਵਿੱਚੋਂ ਭੱਜਣ ਦੀ ਕੋਸ਼ਿਸ਼ ਨੂੰ ਸਫ਼ਲਤਾਪੂਰਵਕ ਨਾਕਾਮ ਕਰ ਦਿੱਤਾ। ਦੱਸਣਯੋਗ ਹੈ ਕਿ ਉਕਤ ਸਨੈਚਰ ਪੁਲਿਸ ਕਰਮਚਾਰੀਆਂ ਤੋਂ ਰਾਈਫਲ ਖੋਹ ਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਪੁਲਿਸ ਮੁਲਾਜ਼ਮਾਂ ਨੇ ਬਹਾਦਰੀ ਦਿਖਾਉਂਦਿਆਂ ਉਸਦੀ ਲੱਤ ਵਿੱਚ ਗੋਲੀ ਮਾਰ ਕੇ ਉਸਨੂੰ ਜਖ਼ਮੀ ਕਰ ਦਿੱਤਾ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਦੱਸਣਯੋਗ ਹੈ ਕਿ ਫੜੇ ਗਏ ਸਨੈਚਰ ਦੀ ਪਛਾਣ ਸੂਰਜ ਉਰਫ਼ ਮੰਡੀ ਵਾਸੀ ਪਿੰਡ ਭਿੰਡੀਸੈਦਾ, ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਮੌਕਾ ਸੰਭਾਲਦਿਆਂ ਭੱਜਣ ਦੀ ਕੋਸ਼ਿਸ਼ ਕਰ ਰਹੇ ਉਕਤ ਸਨੈਚਰ ਦੀ ਲੱਤ ਵਿੱਚ ਗੋਲੀ ਮਾਰ ਕੇ ਪੇਸ਼ੇਵਰ ਢੰਗ ਨਾਲ ਮਿਸਾਲੀ ਬਹਾਦਰੀ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਇਸ ਤੁਰੰਤ ਕਾਰਵਾਈ ਦੌਰਾਨ ਪੁਲਿਸ ਨੇ ਇਹ ਵੀ ਯਕੀਨੀ ਬਣਾਇਆ ਕਿ ਮੌਕੇ 'ਤੇ ਮੌਜੂਦ ਪੁਲਿਸ ਮੁਲਾਜ਼ਮਾਂ ਜਾਂ ਰਾਹਗੀਰਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ। ਡੀਜੀਪੀ ਨੇ ਦੱਸਿਆ ਕਿ ਸਨੈਚਿੰਗ ਦੀ ਇੱਕ ਵਾਰਦਾਤ ਵਿੱਚ ਇੱਕ ਔਰਤ ਵੀ ਜ਼ਖ਼ਮੀ ਹੋਈ ਸੀ।



ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸਨੈਚਿੰਗ ਸਬੰਧੀ ਉਕਤ ਮਾਮਲਿਆਂ ਦੀ ਡੂੰਘਾਈ ਨਾਲ ਤਫਤੀਸ਼ ਕਰਦਿਆਂ ਪੁਲਿਸ ਥਾਣਾ ਸਿਵਲ ਲਾਈਨ ਅੰਮ੍ਰਿਤਸਰ ਸਿਟੀ ਦੀ ਟੀਮ ਨੇ ਮੁਲਜ਼ਮ ਸੂਰਜ ਨੂੰ ਟਰੇਸ ਕਰਕੇ ਗ੍ਰਿਫਤਾਰ ਕਰ ਲਿਆ ਸੀ।

ਉਨ੍ਹਾਂ ਦੱਸਿਆ ਕਿ 300 ਪੌਂਡ, 600 ਯੂਰੋ ਅਤੇ 22,000 ਰੁਪਏ ਦੀ ਨਕਦੀ, ਪਾਸਪੋਰਟ, ਮੋਬਾਈਲ ਫ਼ੋਨ, ਏਟੀਐਮ ਕਾਰਡ, ਬਰਕਲੇ ਕਾਰਡ, ਰੀਵੋਲਟ ਕਾਰਡ ਅਤੇ ਮੌਰੀਸ਼ਸ ਦੇ ਨੈਸ਼ਨਲ ਆਈਡੀ ਕਾਰਡ ਸਮੇਤ ਚੋਰੀ ਦਾ ਸਾਰਾ ਸਾਮਾਨ ਬਰਾਮਦ ਕਰ ਲਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਚੋਰੀ ਹੋਏ ਸਮਾਨ ਨੂੰ ਬਰਾਮਦ ਕਰਨ ਵਿੱਚ ਤੁਰੰਤ ਅਤੇ ਪ੍ਰਭਾਵੀ ਕਾਰਵਾਈ ਲਈ ਦੋ ਅੰਤਰਰਾਸ਼ਟਰੀ ਸੈਲਾਨੀਆਂ ਨੇ ਅੰਮ੍ਰਿਤਸਰ ਪੁਲਿਸ ਦੀ ਭਰਵੀਂ ਸ਼ਲਾਘਾ ਕੀਤੀ। ਯੂਕੇ ਅਤੇ ਮੌਰੀਸ਼ਸ ਦੇ ਰਹਿਣ ਵਾਲੇ ਉਕਤ ਦੋਵੇਂ ਸੈਲਾਨੀ ਅੰਮ੍ਰਿਤਸਰ ਘੁੰਮਣ ਲਈ ਆਏ ਸਨ, ਜਿਸ ਦੌਰਾਨ ਦੋਵੇਂ ਵਿਅਕਤੀ ਵੱਖ-ਵੱਖ ਘਟਨਾਵਾਂ ਵਿੱਚ ਚੋਰੀ ਦਾ ਸ਼ਿਕਾਰ ਹੋ ਗਏ।

(ਕੇਸ 1 ਦਾ ਵੇਰਵਾ)

ਦਰਜ ਕੇਸ ਅਨੁਸਾਰ ਸ਼ਿਕਾਇਤਕਰਤਾ ਇੰਗਲੈਂਡ ਦੀ ਰਹਿਣ ਵਾਲੀ ਹੈ, ਜੋ 23.11.2024 ਨੂੰ ਆਪਣੀ ਧੀ ਅੰਜਲੀ ਮਜੀਠੀਆ ਨਾਲ ਇੰਗਲੈਂਡ ਤੋਂ ਦਿੱਲੀ ਆਈ ਅਤੇ 24.11.2024 ਨੂੰ ਅੰਮ੍ਰਿਤਸਰ ਪਹੁੰਚੀ।

ਉਨ੍ਹਾਂ ਨੇ ਹੋਟਲ ਬੈਸਟ ਵੈਸਟਰਨ ਕੁਈਨਜ਼, ਅੰਮ੍ਰਿਤਸਰ ਵਿੱਚ ਕਮਰਾ ਲਿਆ, ਜਿਸ ਤੋਂ ਬਾਅਦ ਉਸੇ ਦਿਨ ਉਹ ਦੋਵੇਂ ਭਰਾਵਾਂ ਦੇ ਢਾਬੇ 'ਤੇ ਦੁਪਿਹਰ ਦਾ ਖਾਣਾ ਖਾਣ ਲਈ ਗਈਆਂ। ਖਾਣਾ ਖਾਣ ਤੋਂ ਬਾਅਦ ਉਨ੍ਹਾਂ ਨੇ ਹੋਟਲ ਬੈਸਟ ਵੈਸਟਰਨ ਕੁਈਨਜ਼ ਰੋਡ 'ਤੇ ਵਾਪਸ ਜਾਣ ਲਈ ਇੱਕ ਈ-ਰਿਕਸ਼ਾ ਲਿਆ, ਪਰ ਜਦੋਂ ਦੁਪਹਿਰ 1:30 ਵਜੇ ਜਦੋਂ ਈ-ਰਿਕਸ਼ਾ ਹਾਲ ਗੇਟ ਦੇ ਸਾਹਮਣੇ ਰੇਲਵੇ ਫਲਾਈਓਵਰ ਬ੍ਰਿਜ 'ਤੇ ਪਹੁੰਚਿਆ ਤਾਂ ਇਕ ਨੌਜਵਾਨ ਐਕਟਿਵਾ ਸਕੂਟਰ 'ਤੇ ਪਿੱਛੇ ਤੋਂ ਆਇਆ। ਉਕਤ ਵਿਅਕਤੀ ਨੇ ਕਾਲਾ ਜੈਕਟ ਪਹਿਨਿਆ ਹੋਇਆ ਸੀ, ਜੋ ਸ਼ਿਕਾਇਤਕਰਤਾ ਦਾ ਪਰਸ ਖੋਹ ਕੇ ਆਪਣੀ ਸਕੂਟਰ ਭਜਾ ਕੇ ਮੌਕੇ ਤੋਂ ਫਰਾਰ ਹੋ ਗਿਆ।

(ਕੇਸ-2 ਦਾ ਵੇਰਵਾ)

ਜੀ.ਐਸ.ਐਸ. ਰੋਡ, ਗੁਡਲੈਂਡਜ਼ ਮੌਰੀਸ਼ਸ ਦੇ ਰਹਿਣ ਵਾਲੇ ਆਦਿਕ ਕੁਰੈਸ਼ੀ ਦੀ ਪਤਨੀ ਪ੍ਰੇਮੀਤਾ ਕੁਰੈਸ਼ੀ ਦੀ ਲਿਖਤੀ ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਸੀ, ਜਿਨ੍ਹਾਂ ਨੇ ਦੱਸਿਆ ਕਿ 21.11.2024 ਨੂੰ ਰਾਤ ਕਰੀਬ 10:30 ਵਜੇ ਉਹ ਦਰਬਾਰ ਸਾਹਿਬ ਤੋਂ ਹੋਟਲ ਗੋਲਡਨ ਵੈਲਵੇਟ ਗਗਨ ਕਾਲੋਨੀ, ਬਟਾਲਾ ਰੋਡ ਵੱਲ ਆਟੋ ਰਿਕਸ਼ਾ 'ਤੇ ਜਾ ਰਹੀ ਸੀ ਅਤੇ ਰਾਤ ਕਰੀਬ 10:45 ਵਜੇ ਬਟਾਲਾ ਰੋਡ 'ਤੇ ਕੇਅਰ ਐਂਡ ਕਿਊਰ ਹਸਪਤਾਲ ਨੇੜੇ ਐਕਟਿਵਾ ਸਕੂਟਰ 'ਤੇ ਸਵਾਰ ਦੋ ਨੌਜਵਾਨ ਆਏ ਅਤੇ ਆਟੋ ਰਿਕਸ਼ਾ 'ਚੋਂ ਹੀ ਉਨ੍ਹਾਂ ਦਾ ਪਰਸ ਖੋਹ ਕੇ ਮੌਕੇ ਤੋਂ ਭੱਜ ਗਏ। ਚੋਰੀ ਹੋਏ ਪਰਸ ਵਿੱਚ ਇੱਕ ਸੈਮਸੰਗ ਮੋਬਾਈਲ ਫ਼ੋਨ, ਪਾਸਪੋਰਟ (ਰਿਪਬਲਿਕ ਆਫ਼ ਮੌਰੀਸ਼ਸ, ਉਨ੍ਹਾਂ ਦਾ ਵੀਜ਼ਾ, ਮੌਰੀਸ਼ਸ ਦਾ ਨੈਸ਼ਨਲ ਆਈਡੀ ਕਾਰਡ, 600 ਯੂਰੋ ਅਤੇ 20,000 ਰੁਪਏ ਦੀ ਨਕਦੀ ਸੀ (ਭਾਰਤੀ ਕਰੰਸੀ)। ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ, ਜਿਸਦੀ ਮੁੱਢਲੀ ਜਾਂਚ ਐਸ.ਆਈ ਰਾਜਬੀਰ ਸਿੰਘ ਅੰਮ੍ਰਿਤਸਰ ਵੱਲੋਂ ਕੀਤੀ ਗਈ।

# ਸਹਾਇਕ ਕਮਿਸ਼ਨਰ ਨੇ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਕੰਮਾਂ ਦੀ ਕੀਤੀ ਸਮੀਖਿਆ

ਪੰਜਾਬ ਦਾ ਖੁਲਾਸਾ



**ਮਾਲੇਰਕੋਟਲਾ, 26 ਨਵੰਬਰ (ਬੋਪਾਰਾਏ)**- ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਦੀ ਪ੍ਰਧਾਨਗੀ ਹੇਠ ਸਵੱਛ ਭਾਰਤ ਮਿਸ਼ਨ ਗ੍ਰਾਮੀਣ (ਫੇਸ-2) ਅਧੀਨ ਵੱਖ-ਵੱਖ ਸਕੀਮਾਂ ਦੀ ਪ੍ਰਵਾਨਗੀ ਸਬੰਧੀ ਜ਼ਿਲ੍ਹਾ ਪੱਧਰੀ ਜ਼ਿਲ੍ਹਾ ਜਲ ਅਤੇ ਸੈਨੀਟੇਸ਼ਨ ਮਿਸ਼ਨ ਕਮੇਟੀ ਦੀ ਮੀਟਿੰਗ ਹੋਈ। ਇਸ ਮੌਕੇ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਇੰਜ.ਗੁਰਵਿੰਦਰ ਸਿੰਘ ਢੀਂਡਸਾ ਨੇ ਜ਼ਿਲ੍ਹੇ ਨੂੰ ਓ.ਡੀ.ਐਫ.ਪਲਸ ਮਾਡਲ ਘੋਸ਼ਿਤ ਕਰਨ ਲਈ ਕਰੀਬ 6 ਕਰੋੜ 50 ਲੱਖ ਰੁਪਏ ਦੀ ਉਲੀਕੇ ਵੱਖ-ਵੱਖ ਪ੍ਰੋਜੈਕਟਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਨੇ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਪਿੰਡਾਂ ਵਿੱਚ ਕਰਵਾਏ ਜਾਣ ਵਾਲੇ ਕੰਮਾਂ ਦੀ ਸਮੀਖਿਆ ਕੀਤੀ। ਉਨ੍ਹਾਂ ਜਲ ਸਪਲਾਈ ਅਤੇ ਸੈਨੀਟੇਸ਼ਨ, ਪੇਂਡੂ ਵਿਕਾਸ ਵਿਭਾਗ ਅਤੇ ਪੰਚਾਇਤੀ ਰਾਜ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਤਹਿਤ ਜ਼ਿਲ੍ਹੇ ਵਿਚ ਹੋਣ ਵਾਲੇ ਕੰਮਾਂ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਜ਼ਿਲ੍ਹੇ ਦੇ ਪਿੰਡਾਂ ਨੂੰ ਓ.ਡੀ.ਐਫ. ਪਲਸ ਮਾਡਲ ਘੋਸ਼ਿਤ ਕੀਤਾ ਜਾ ਸਕੇ। ਉਨ੍ਹਾਂ ਕੰਮਾਂ ਦੀ ਸਮੀਖਿਆ ਕਰਦਿਆਂ ਵਿਭਾਗ ਵੱਲੋਂ ਵਿੱਤੀ ਸਾਲ 2024-25 ਦੌਰਾਨ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਵੱਖ ਵੱਖ ਵਿਭਾਗਾਂ ਦੇ ਤਾਲਮੇਲ ਨਾਲ ਪਿੰਡਾਂ ਲਈ ਉਲੀਕੇ ਲੋਕ ਭਲਾਈ ਦੇ ਕੰਮ ਸਮਾਂਬੱਧ ਤਰੀਕੇ ਨਾਲ ਮੁਕੰਮਲ ਕਰਨ ਨੂੰ ਤਰਜੀਹ ਦੇਣ ਤਾਂ ਜੋ ਜ਼ਿਲ੍ਹੇ ਦੇ ਪਿੰਡਾਂ ਨੂੰ ਸਵੱਛ ਪਿੰਡ ਬਣਾਇਆ ਜਾ ਸਕੇ। ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਇੰਜ.ਗੁਰਵਿੰਦਰ ਸਿੰਘ ਢੀਂਡਸਾ ਨੇ ਡੀ.ਡਬਲਿਊ. ਐਸ.ਐਮ. ਕਮੇਟੀ ਮੈਂਬਰਾਂ ਨੂੰ ਦੱਸਿਆ ਕਿ ਜ਼ਿਲ੍ਹੇ'ਚ 268 ਨਿੱਜੀ ਪਖਾਨੇ ਬਣਾਉਣ ਲਈ ਲਾਭਪਾਤਰੀਆਂ ਦੀ ਪਹਿਚਾਣ ਕੀਤੀ ਗਈ ਹੈ ਜੋ ਕਿ ਕਰੀਬ 40 ਲੱਖ 20 ਹਜ਼ਾਰ ਰੁਪਏ ਦੀ ਲਾਗਤ ਨਾਲ ਉਸਾਰੇ ਜਾਣਗੇ। ਉਨ੍ਹਾਂ ਦੱਸਿਆ ਕਿ ਹਰੇਕ ਲਾਭਪਾਤਰੀ ਨੂੰ 15000 ਰੁਪਏ ਦੀ ਵਿੱਤੀ ਮਦਦ ਆਪਣੇ ਘਰ ਵਿਚ ਪਖਾਨਾ ਬਣਾਉਣ ਲਈ ਉਨ੍ਹਾਂ ਦੇ ਵਿਭਾਗ ਵੱਲੋਂ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 62 ਪਿੰਡ ਕਮਿਊਨਿਟੀ ਸੈਨੀਟਰੀ ਕੰਪਲੈਕਸ (ਸਾਂਝੇ ਪਖਾਨੇ) ਕਰੀਬ ਇੱਕ ਕਰੋੜ 86 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾਣਗੇ। ਉਨ੍ਹਾਂ ਹੋਰ ਦੱਸਿਆ ਕਿ ਪਿੰਡ ਕਮਿਊਨਿਟੀ ਸੈਨੀਟਰੀ ਕੰਪਲੈਕਸ ਦੇ ਨਿਰਮਾਣ ਤੇ ਤਿੰਨ ਲੱਖ ਦਾ ਖ਼ਰਚ ਪ੍ਰਤੀ ਪਖਾਨਾ ਖ਼ਰਚ ਆਉਂਦਾ ਹੈ, ਜਿਸ ਵਿਚੋਂ 2 ਲੱਖ 10 ਹਜ਼ਾਰ ਰੁਪਏ ਸਵੱਛ ਭਾਰਤ ਮਿਸ਼ਨ ਤਹਿਤ ਵਿਭਾਗ ਵੱਲੋਂ ਅਤੇ ਬਾਕੀ ਰਹਿੰਦੇ 90 ਹਜ਼ਾਰ ਰੁਪਏ 15ਵੇਂ ਵਿੱਤ ਕਮਿਸ਼ਨ ਗਰਾਂਟ ਵਿੱਚੋਂ ਮੁਹੱਈਆ ਕਰਵਾਏ ਜਾਣਗੇ ਹਨ।

ਇੰਜ.ਗੁਰਵਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ ਪਿੰਡਾਂ ਵਿੱਚ ਕਰੀਬ 01 ਕਰੋੜ 16 ਲੱਖ ਰੁਪਏ ਦੀ ਲਾਗਤ ਨਾਲ ਠੋਸ ਕਚਰੇ ਦੇ ਪ੍ਰਬੰਧਨ ਪ੍ਰੋਜੈਕਟ ਉਲੀਕੇ ਗਏ ਹਨ। ਇਸੇ ਤਰ੍ਹਾਂ ਤਰਲ ਕਚਰਾ ਪ੍ਰਬੰਧਨ ਲਈ ਵੀ ਜ਼ਿਲ੍ਹੇ ਦੇ 94 ਪਿੰਡਾਂ ਲਈ 03 ਕਰੋੜ 59 ਲੱਖ ਰੁਪਏ ਸਰਕਾਰ ਨੇ ਦਿੱਤੇ ਹਨ। ਉਨ੍ਹਾਂ ਹੋਰ ਦੱਸਿਆ ਕਿ ਕੁਦਰਤੀ ਸਰੋਤਾ ਨੂੰ ਸੁਰੱਖਿਅਤ ਕਰਨ ਲਈ ਬਲਾਕ ਪੱਧਰ ਤੇ ਪਲਾਸਟਿਕ ਕਚਰੇ ਦੇ ਯੋਗ ਪ੍ਰਬੰਧਨ ਲਈ ਬਲਾਕ ਪੱਧਰ ਤੇ ਪਲਾਸਟਿਕ ਕੂੜਾ ਪ੍ਰਬੰਧਨ ਪ੍ਰੋਜੈਕਟ ਲਗਾਏ ਜਾ ਰਹੇ ਹਨ। ਮਾਲੇਰਕੋਟਲਾ ਬਲਾਕ ਦੇ ਪਿੰਡ ਦਸੋਧਾ ਸਿੰਘ ਵਾਲਾ ਵਿਖੇ ਕਰੀਬ 14 ਲੱਖ 65 ਹਜ਼ਾਰ ਰੁਪਏ ਦੀ ਲਾਗਤ ਨਾਲ ਪਲਾਸਟਿਕ ਕੂੜਾ ਪ੍ਰਬੰਧਨ ਪ੍ਰੋਜੈਕਟ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ। ਇਸ ਮੌਕੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਰਿਪੀ ਗਰਗ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਪੁਨੀਤ ਸਿੱਧੂ, ਮੈਡੀਕਲ ਅਫ਼ਸਰ ਡਾ. ਵਾਟਿਕਾ ਕਪੂਰ,ਖੇਤੀਬਾੜੀ ਅਫ਼ਸਰ ਕੁਲਬੀਰ ਸਿੰਘ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਅਹਿਮਦਗੜ੍ਹ ਗੁਰਮੀਤ ਸਿੰਘ, ਐਸ.ਡੀ.ਓ. ਇੰਜ. ਰਾਹੁਲ ਸ਼ਰਮਾ , ਉਪ ਮੰਡਲ ਇੰਜੀਨੀਅਰ ਲਵੀਸ਼ ਜੈਨ, ਉਪ ਮੰਡਲ ਇੰਜੀਨੀਅਰ ਸਤਿੰਦਰਪਾਲ ਸਿੰਘ ਅਤੇ ਜੂਨੀਅਰ ਇੰਜੀਨੀਅਰ ਜਿੰਮੀ ਖਾਨ , ਸੁਖਦੀਪ ਸਿੰਘ ਤੋਂ ਇਲਾਵਾ ਹੋਰ ਕਮੇਟੀ ਮੈਂਬਰ ਹਾਜ਼ਰ ਸਨ।

# ਤਰੱਕੀਆਂ ਦੇ ਨਾਂ ਤੇ ਪ੍ਰਾਇਮਰੀ ਅਧਿਆਪਕਾਂ ਨਾਲ ਕੋਝਾ ਮਜ਼ਾਕ



ਪੰਜਾਬ ਦਾ ਖੁਲਾਸਾ

## ਸਿੱਖਿਆ ਵਿਭਾਗ ਦੀ ਮੌਜੂਦਾ ਤਰੱਕੀ ਨੀਤੀ ਖ਼ਿਲਾਫ਼ ਸੰਘਰਸ਼ ਕਰਾਂਗੇ ( ਡੀ.ਟੀ.ਐੱਫ)

**ਮੋਗਾ, 26 ਨਵੰਬਰ (ਪ ਪ)**-- ਸਿੱਖਿਆ ਵਿਭਾਗ ਵਿੱਚ 2001ਤੋ ਵਿਭਾਗੀ ਅਣਦੇਖੀ ਦਾ ਸੰਤਾਪ ਭੋਗ ਰਹੇ ਤਰੱਕੀ ਦੀ ਉਡੀਕ ਕਰਦੇ ਅਧਿਆਪਕਾਂ ਨੂੰ ਅਦਾਲਤਾਂ ਦੇ ਚੱਕਰ ਕੱਟਣ ਤੋਂ ਬਾਅਦ ਈ ਟੀ ਟੀ.ਤੋ ਮਾਸਟਰ ਕਾਡਰ ਅਤੇ ਪੀ.ਟੀ.ਆਈ.ਤੋ ਡੀ.ਪੀ.ਈ ਮਾਸਟਰ ਦੀ ਤਰੱਕੀ ਦੇ ਮਿਲੇ ਹੁਕਮ ਜੀਅ ਦਾ ਜੰਜਾਲ ਬਣ ਚੁਕੇ ਹਨ। ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਅਧਿਆਪਕ ਫਰੰਟ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਅਤੇ ਜਿਲ੍ਹਾ ਮੋਗਾ ਦੇ ਜਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ, ਜਿਲ੍ਹਾ ਸਕੱਤਰ ਜਗਵੀਰਨ ਕੌਰ ਨੇ ਸਿੱਖਿਆ ਵਿਭਾਗ ਦੀ ਤਰੱਕੀ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਪੰਜਾਬ ਸਰਕਾਰ ਵਿਭਾਗ ਵਿੱਚ ਸਿੱਖਿਆ ਨੀਤੀ 2020 ਨੂੰ ਲਾਗੂ ਕਰਕੇ ਵਿਭਾਗ ਦੀ ਅਕਾਰ ਘਟਾਈ ਕਰਨ ਮਿਡਲ ਸਕੂਲਾਂ ਨੂੰ ਮਰਜ਼ ਕਰਨ ਅਤੇ ਹਜ਼ਾਰਾਂ ਪੋਸਟਾਂ ਨੂੰ ਖ਼ਤਮ ਕਰਨ ਦੇ ਰਾਹ ਪੈ ਚੁੱਕੀ ਹੈ। ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਘੋਲੀਆ ਮੀਤ ਪ੍ਰਧਾਨ ਸਵਰਨਦਾਸ ਅਤੇ ਜਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਝੋਰੜਾ ਦੱਸਿਆ ਕਿ ਬੀਤੇ ਦਿਨੀਂ ਪ੍ਰਾਇਮਰੀ ਕਾਡਰ ਵਿਚ ਈ.ਟੀ.ਟੀ. ਤੋਂ ਮਾਸਟਰ ਕਾਡਰ ਦੀ ਤਰੱਕੀ ਤੋਂ ਵਾਂਝੇ ਰਹਿ ਗਏ ਸੈਂਕੜੇ ਅਧਿਆਪਕਾਂ ਜਿਨ੍ਹਾਂ ਲੱਗਭਗ 25 ਸਾਲ ਵਿਭਾਗ ਵਿੱਚ ਸੇਵਾਵਾਂ ਦਿੱਤੀਆ, ਉਨ੍ਹਾਂ ਅਧਿਆਪਕਾਂ ਨੂੰ ਤਰੱਕੀ ਦੇਣ ਸਮੇਂ ਵਿਭਾਗ ਵੱਲੋਂ ਤਾਨਾਸ਼ਾਹੀ ਢੰਗ ਨਾਲ ਆਪਣੇ ਪਿੱਤਰੀ ਜ਼ਿਲਿਆਂ ਵਿਚ ਪੋਸਟਾਂ ਖਾਲੀ ਹੋਣ ਦੇ ਬਾਵਜੂਦ ਵੀ ਬਾਹਰਲੇ ਜ਼ਿਲ੍ਹਿਆਂ ਵਿੱਚ ਭੇਜਿਆ ਗਿਆ ਹੈ। ਜਿਲ੍ਹਾ ਵਿੱਤ ਸਕੱਤਰ ਗੁਰਸ਼ਰਨ ਸਿੰਘ ਅਤੇ ਜਿਲ੍ਹਾ ਜਥੇਬੰਦਕ ਸਕੱਤਰ ਅਮਨਦੀਪ ਸਿੰਘ ਨੇ ਕਿਹਾ ਕਿ ਦਿੱਲੀ ਮਾਡਲ ਦਾ ਗੁਣਗਾਣ ਕਰਨ ਵਾਲੀ ਪੰਜਾਬ ਸਰਕਾਰ ਸਿੱਖਿਆ ਅਤੇ ਸਿਹਤ ਸਹੂਲਤਾਂ ਦੇਣ ਤੋਂ ਪੂਰੀ ਤਰ੍ਹਾਂ ਭੱਜ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮਾਸਟਰ ਤੋਂ ਲੈਕਚਰਾਰਾਂ ਦੀ ਤਰੱਕੀ ਕਰਨ ਸਮੇਂ ਵੀ ਇਸੇ ਨੀਤੀ ਤਹਿਤ ਸਕੂਲ ਆਫ ਐਮੀਨੈਂਸ ਅਤੇ ਜ਼ਿਲ੍ਹਾ ਸਿੱਖਿਆ ਸੰਸਥਾਵਾਂ ਨੂੰ ਪਹਿਲ ਦਿੱਤੀ ਗਈ, ਹੁਣ ਵੀ ਹਾਈ ਸਕੂਲਾਂ,ਮਿਡਲ ਸਕੂਲਾਂ ਵਿੱਚ ਖਾਲੀ ਪੋਸਟਾਂ ਨੂੰ ਲੁਕਾ ਲਿਆ ਗਿਆ ਹੈ। ਸੂਬਾ ਆਗੂਆਂ ਨੇ ਵਿਭਾਗ ਦੀ ਤਰੱਕੀ ਨੀਤੀ ਖ਼ਿਲਾਫ਼ ਡੱਟਵੀਂ ਲੜਾਈ ਲੜਨ ਦਾ ਐਲਾਨ ਕਰਦਿਆਂ ਸਮੂਹ ਅਧਿਆਪਕ ਜਥੇਬੰਦੀਆਂ ਨੂੰ ਇਸ ਧੱਕੇਸ਼ਾਹੀ ਖ਼ਿਲਾਫ਼ ਲਗਾਤਾਰ ਸੰਘਰਸ਼ ਕਰਨ ਦੀ ਅਪੀਲ ਕੀਤੀ।ਇਸ ਸਮੇ ਜਗਜੀਤ ਸਿੰਘ ਰਣੀਆਂ, ਅਮਰਦੀਪ ਸਿੰਘ ਬੁੱਟਰ, ਦੀਪਕ ਮਿੱਤਲ, ਸਵਰਨਜੀਤ ਭਗਤਾ, ਨਰਿੰਦਰ ਸਿੰਘ, ਜਸਵਿੰਦਰ ਸਿੰਘ, ਮਧੂ ਬਾਲਾ, ਮਮਤਾ ਕੌਸ਼ਲ ਆਦਿ ਜਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ ਹਾਜ਼ਰ ਸਨ।

# ਪਿੰਡ ਬੂਲਪੁਰ ਦੀ ਪੰਚਾਇਤ ਵੱਲੋਂ ਧਾਰਮਿਕ ਸਮਾਰੋਹ ਆਯੋਜਿਤ

## ਸਰਕਾਰ ਵੱਲੋਂ ਪਿੰਡ ਦੇ ਵਿਕਾਸ ਕਾਰਜਾਂ ਲਈ ਹਰ ਤਰ੍ਹਾਂ ਦੀਆਂ ਗ੍ਰਾਂਟਾਂ ਜਾਰੀ ਕਰਵਾਈਆਂ ਜਾਣਗੀਆਂ - ਸੱਜਣ ਸਿੰਘ ਚੀਮਾ

ਪੰਜਾਬ ਦਾ ਖੁਲਾਸਾ



**ਕਪੂਰਥਲਾ , 26 ਨਵੰਬਰ (ਕੌੜਾ)** - ਭਾਈਚਾਰਕ ਸਾਂਝ ਨੂੰ ਕਾਇਮ ਰੱਖਦਿਆਂ ਸਰਬਸੰਮਤੀ ਨਾਲ ਚੁਣੀ ਗਈ ਪਿੰਡ ਬੂਲਪੁਰ ਦੀ ਪੰਚਾਇਤ ਵੱਲੋਂ ਸਹੁੰ ਚੁੱਕ ਸਮਾਗਮ ਤੋਂ ਬਾਅਦ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਗੁਰੂ ਦੇ ਸ਼ੁਕਰਾਨੇ ਵਜੋਂ ਧਾਰਮਿਕ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਉਪਰੰਤ ਗੁਰੂ ਕੇ ਅਟੁੱਟ ਲੰਗਰ ਲਗਾਏ ਗਏ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਸੁਲਤਾਨਪੁਰ ਲੋਧੀ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਨੇ ਸ਼ਿਰਕਤ ਕੀਤੀ।ਇਸ ਸਮਾਰੋਹ ਦੌਰਾਨ ਸੱਜਣ ਸਿੰਘ ਚੀਮਾ ਨੇ ਪਿੰਡ ਵਾਸੀਆਂ ਨੂੰ ਭਾਈਚਾਰਕ ਸਾਂਝ ਨੂੰ ਕਾਇਮ ਰੱਖਦਿਆਂ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਪੀਲ ਨੂੰ ਮੰਨਦਿਆਂ ਹੋਇਆ ਸਰਬਸੰਮਤੀ ਨਾਲ ਪੰਚਾਇਤ ਚੁਣਨ ਤੇ ਮੁਬਾਰਕਬਾਦ ਦਿੱਤੀ ਅਤੇ ਨਵੀਂ ਚੁਣੀ ਪੰਚਾਇਤ ਦੇ ਸਰਪੰਚ ਦਲਜੀਤ ਕੌਰ ਤੇ ਸਮੁੱਚੀ ਪੰਚਾਇਤ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਉਹਨਾਂ ਨੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਅਤੇ ਖੇਡਾਂ ਤੇ ਪੜ੍ਹਾਈ ਵੱਲ ਖਾਸ ਧਿਆਨ ਦੇਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਤੇ ਸਟੇਜ ਸੈਕਟਰੀ ਦੀ ਭੂਮਿਕਾ ਮਾਸਟਰ ਗੁਰਪ੍ਰੀਤ ਸਿੰਘ ਜੋਸਨ ਨੇ ਨਿਭਾਉਂਦਿਆਂ ਹੋਇਆ ਪੰਚਾਇਤ ਵੱਲੋਂ ਸਮੂਹ ਨਗਰ ਨਿਵਾਸੀਆਂ ਅਤੇ ਆਏ ਹੋਏ ਪਤਵੰਤੇ ਸੱਜਣਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ। ਇਸ ਦੌਰਾਨ ਪੰਚਾਇਤ ਵੱਲੋਂ ਪਿੰਡ ਦੇ ਅਧੂਰੇ ਵਿਕਾਸ ਕਾਰਜਾਂ ਤੇ ਰੱਖੀਆਂ ਮੰਗਾਂ ਨੂੰ ਜਲਦੀ ਨੇਪਰੇ ਚਾੜਨ ਲਈ ਸੱਜਣ ਸਿੰਘ ਚੀਮਾ ਨੇ ਪੰਚਾਇਤ ਤੇ ਨਗਰ ਨਿਵਾਸੀਆਂ ਨੂੰ ਜਲਦ ਪੂਰਾ ਕਰਵਾਉਣ ਤੇ ਸਰਕਾਰ ਤੋਂ ਹਰ ਸੰਭਵ ਤੇ ਲੋੜਾਂ ਅਨੁਸਾਰ ਗ੍ਰਾਂਟਾਂ ਜਾਰੀ ਕਰਨ ਦਾ ਵਿਸ਼ਵਾਸ ਦਿਵਾਇਆ। ਇਸ ਦੇ ਨਾਲ ਹੀ ਉਹਨਾਂ ਪੰਜਾਬ ਸਰਕਾਰ ਵੱਲੋਂ ਸਰਬਸੰਮਤੀ ਨਾਲ ਪੰਚਾਇਤ ਚੁਣਨ ਤੇ ਮਿਲਣ ਵਾਲੀ 5 ਲੱਖ ਦੀ ਵਿਸ਼ੇਸ਼ ਰਾਸ਼ੀ ਜਲਦ ਦਿਵਾਉਣ ਦੀ ਗੱਲ ਕਹੀ। ਇਸ ਮੌਕੇ ਤੇ ਮਾਰਕਿਟ ਕਮੇਟੀ ਦੇ ਚੇਅਰਮੈਨ ਮੁਹੰਮਦ ਰਫੀ, ਸਰਪੰਚ ਦਲਜੀਤ ਕੌਰ ਮਹਿਰੋਕ,ਪੰਚ ਬਲਵਿੰਦਰ ਸਿੰਘ, ਪੰਚ ਕੇਵਲ ਸਿੰਘ ਫੌਜੀ, ਪੰਚ ਹਰਜਿੰਦਰ ਸਿੰਘ, ਪੰਚ ਹਰਪ੍ਰੀਤ ਕੌਰ, ਪੰਚ ਪਰਮਜੀਤ ਕੌਰ ਜੋਸਨ , ਗੁਰਦੁਆਰਾ ਕਮੇਟੀ ਪ੍ਰਧਾਨ ਸੁਖਵਿੰਦਰ ਸਿੰਘ ਮਹਿਰੋਕ, ਸਰਪੰਚ ਸੁਖਵਿੰਦਰ ਸਿੰਘ ਸੌਂਦ ਠੱਟਾ ਨਵਾਂ, ਸਰਪੰਚ ਗੁਰਬਚਨ ਸਿੰਘ ਸਰਪੰਚ ਬਸਤੀ ਬੂਲਪੁਰ, ਰਛਪਾਲ ਸਿੰਘ ਸੈਕਟਰੀ, ਸਾਬਕਾ ਸਰਪੰਚ ਦੇਸ ਰਾਜ ,ਸਾਬਕਾ ਬਲਾਕ ਸਿੱਖਿਆ ਅਧਿਕਾਰੀ ਕੇਵਲ ਸਿੰਘ, ਮਾਸਟਰ ਅਵਤਾਰ ਸਿੰਘ ਜੋਸਨ, ਮਾਸਟਰ ਜੋਗਿੰਦਰ ਸਿੰਘ, ਮਾਸਟਰ ਗੁਰਪ੍ਰੀਤ ਸਿੰਘ, ਮਲਕੀਤ ਸਿੰਘ ਆੜਤੀਆ,ਸਰਬਜੀਤ ਸਿੰਘ ਆੜਤੀਆ, ਸੁਦੇਸ਼ ਕੁਮਾਰ ਜੋਸ਼ੀ, ਤੇਜਵਿੰਦਰ ਸਿੰਘ ਕੌੜਾ, ਨੰਬਰਦਾਰ ਗੁਰਸ਼ਰਨ ਸਿੰਘ , ਦਾਰਾ ਸਿੰਘ ਪਟਵਾਰੀ, ਪਰਮਿੰਦਰ ਸਿੰਘ ਜੋਸਨ, ਜਸਜੀਤ ਸਿੰਘ, ਲਖਵਿੰਦਰ ਸਿੰਘ ਮਰੋਕ,ਮਨਦੀਪ ਸਿੰਘ ਮਿੰਟੂ,ਹਰਪ੍ਰੀਤ ਸਿੰਘ ਹੈਪੀ, ਭਗਵਾਨ ਸਿੰਘ ਪਟਵਾਰੀ, ਅਬਦੁਲ ਸਤਾਰ, ਭੁਪਿੰਦਰ ਸਿੰਘ, ਬਲਦੇਵ ਸਿੰਘ ,ਰਣਜੀਤ ਸਿੰਘ, ਨਰਿੰਦਰਜੀਤ ਸਿੰਘ, ਸੁਰਿੰਦਰ ਸਿੰਘ, ਸੁਰਜੀਤ ਸਿੰਘ, ਸਿਮਰਨਜੀਤ ਸਿੰਘ ਜੋਸਨ,ਤਰਨਜੀਤ ਸਿੰਘ ਜੋਸਨ ,ਜਰਨੈਲ ਸਿੰਘ ਮਿਸਤਰੀ, ਮਨਜੀਤ ਸਿੰਘ ਧੰਜੂ,ਬਲਦੇਵ ਸਿੰਘ ,ਹੰਸ ਰਾਜ ਬਸੀ ,ਲਖਬੀਰ ਸਿੰਘ ਕੌੜਾ , ਸਾਧੂ ਸਿੰਘ, ਨਰੰਜਣ ਸਿੰਘ, ਜਗਜੀਤ ਸਿੰਘ, ਮੁਖਤਿਆਰ ਸਿੰਘ ਬੰਬੇ ਵਾਲੇ, ਅਨਮੋਲਪ੍ਰੀਤ ਸਿੰਘ, ਹਰਨੇਕ ਸਿੰਘ, ਗੁਰਮੁੱਖ ਸਿੰਘ, ਮਨਦੀਪ ਸਿੰਘ ਆਦਿ ਹਾਜ਼ਰ ਸਨ।

# ਘਨੌਰ 'ਚ ਵੱਧ ਰਹੀਆਂ ਚੋਰੀਆਂ ਨੂੰ ਲੈ ਕੇ ਭਾਜਪਾ ਆਗੂਆਂ ਵੱਲੋਂ ਘਨੌਰ ਥਾਣੇ ਦੇ ਬਾਹਰ ਲਗਾਇਆ ਧਰਨਾ

## ਹਲਕਾ ਘਨੌਰ ਵਾਸੀਆ ਦੀ ਰਾਖੀ ਲਈ ਹਮੇਸ਼ਾ ਡੱਟ ਕੇ ਖੜਾਂਗੇ: ਵਿਕਾਸ ਸ਼ਰਮਾ

ਪੰਜਾਬ ਦਾ ਖੁਲਾਸਾ

**ਘਨੌਰ, 26 ਨਵੰਬਰ (ਅਭਿਸ਼ੇਕ ਸੂਦ)**- ਹਲਕਾ ਘਨੌਰ ਦੇ ਪਿੰਡਾਂ ਦੇ ਵਿੱਚ ਵੱਧ ਰਹੀਆਂ ਚੋਰੀਆਂ ਅਤੇ ਲੁੱਟਾਂ ਖੋਹਾਂ ਦੇ ਮਾਮਲਿਆਂ ਨੂੰ ਲੈ ਕੇ ਅੱਜ ਭਾਰਤੀ ਜਨਤਾ ਪਾਰਟੀ ਦੇ ਪ੍ਰਦੇਸ਼ ਕਾਰਜਕਾਰਨੀ ਮੈਂਬਰ ਅਤੇ ਹਲਕਾ ਘਨੌਰ ਦੇ ਇੰਚਾਰਜ ਵਿਕਾਸ ਸ਼ਰਮਾ ਦੀ ਅਗਵਾਈ ਦੇ ਹੇਠ ਥਾਣਾ ਘਨੌਰ ਦੇ ਬਾਹਰ ਭਾਰਤੀ ਜਨਤਾ ਪਾਰਟੀ ਦੇ ਕਾਰੇਕਰਤਾ ਅਤੇ ਘਨੌਰ ਵਾਸੀਆਂ ਦੇ ਵੱਲੋਂ ਇੱਕ ਘੰਟੇ ਦਾ ਧਰਨਾ ਦਿੱਤਾ ਗਿਆ ਜਿਸ ਵਿੱਚ ਬੀਤੇ ਸਮੇਂ ਦੌਰਾਨ ਹੋਈਆਂ ਲੁੱਟ ਖੋਹਾਂ ਅਤੇ ਨਸ਼ਿਆਂ ਦੇ ਵਿੱਚ ਹੋਏ ਵਾਧੇ ਤੇ ਕਾਰਵਾਈ ਨਾ ਹੋਣ ਨੂੰ ਲੈ ਕੇ ਸੰਕੇਤਿਕ ਧਰਨਾ ਦਿੱਤਾ ਗਿਆ ਇਸ ਮੌਕੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਹੋਇਆਂ ਹਲਕਾ ਇੰਚਾਰਜ ਵਿਕਾਸ ਸ਼ਰਮਾ ਵਿੱਕੀ ਘਨੌਰ ਦੇ ਵੱਲੋਂ ਕਿਹਾ ਗਿਆ ਕਿ ਘਨੌਰ ਦੇ ਥਾਣੇ ਸਰਕਾਰ ਦੇ ਵੱਲੋਂ ਠੇਕਿਆਂ ਤੇ ਦੇ ਦਿੱਤੇ ਗਏ ਹਨ ਜਿਸ ਕਾਰਨ ਅੱਜ ਜਨਤਾ ਤਰਾਹੀ ਤਰਾਹੀ ਕਰਨ ਨੂੰ ਮਜਬੂਰ ਹੈ ਕਿਉਂਕਿ ਰੋਜ਼ਾਨਾ ਹੀ ਕਿਸੇ ਨਾ ਕਿਸੇ ਪਿੰਡ ਦੇ ਵਿੱਚ ਚੋਰੀ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ ਅਤੇ ਨਜਾਇਜ਼ ਮਾਈਨਿੰਗ ਵੀ ਹਲਕੇ ਦੇ ਵਿੱਚ ਲਗਾਤਾਰ ਸਰਗਰਮ ਹੋਈ ਹੈ ਉਹਨਾਂ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਲੰਬੇ ਹਾਥੀ ਲੈਂਦੇ ਹੋਇਆ ਕਿਹਾ ਕਿ ਪੁਲਿਸ ਪ੍ਰਸ਼ਾਸਨ ਨੇ ਤਾਂ ਘਨੌਰ ਨੂੰ ਰੱਬ ਆਸਰੇ ਛੱਡਿਆ ਹੋਇਆ ਹੈ ਕਿਉਂਕਿ ਜਿਹੜੇ ਵਿਅਕਤੀ ਪਿਛਲੇ ਇੱਕ ਸਾਲਾਂ ਤੋਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ ਉਹਨਾਂ ਨੂੰ ਹਲੇ ਤੱਕ ਗ੍ਰਿਫਤਾਰ ਤੱਕ ਨਹੀਂ ਕੀਤਾ ਗਿਆ ਉਹਨਾਂ ਕਿਹਾ ਕਿ ਹੁਣ ਤੱਕ ਘਨੌਰ ਦੇ ਵਿੱਚ ਕਈ ਲੱਖਾਂ ਦੀ ਚੋਰੀਆਂ ਹੋ ਚੁੱਕੀਆਂ ਹਨ ਉਹਨਾਂ ਤੇ ਪੁਲਿਸ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਉਹਨਾਂ ਕਿਹਾ ਕਿ ਬੀਤੇ ਸਾਲ ਇੱਕ ਦੁਕਾਨ ਦੇ ਉੱਪਰ 5 ਲੱਖ ਰੁਪਏ ਦੀ ਚੋਰੀ ਹੋਈ ਸੀ ਪਰੰਤੂ ਹਾਲੇ ਤੱਕ ਸੀਸੀਟੀਵੀ ਦੇਣ ਦੇ ਬਾਵਜੂਦ ਵੀ ਆਰੋਪੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਉਹਨਾਂ ਅੱਗੇ ਬੋਲਦੇ ਹੋਏ ਕਿਹਾ ਕਿ ਘਨੌਰ ਦੇ ਇੱਕ ਸੋਨਬਾਰੀ ਜਿਨਾਂ ਦੇ ਘਰ ਤੋਂ 60 ਗ੍ਰਾਮ ਸੋਨਾ ਚੋਰੀ ਹੋਇਆ ਸੀ ਉਹਨਾਂ ਨੂੰ ਪੁਲਿਸ ਪ੍ਰਸ਼ਾਸਨ 60 ਗ੍ਰਾਮ ਦੀ ਰਿਕਵਰੀ ਦੇਣ ਦੀ ਬਜਾਏ ਦੋ ਗ੍ਰਾਮ ਦੀ ਰਿਕਵਰੀ ਦੇ ਰਹੇ ਸਨ। ਉਹਨਾਂ ਕਿਹਾ ਕਿ ਇਹਨਾਂ ਗੱਲਾਂ ਕਾਰਨ ਘਨੌਰ ਦਾ ਪ੍ਰਸ਼ਾਸਨ ਜ਼ਰੂਰ ਸਵਾਲਾਂ ਦੇ ਘੇਰੇ ਦੇ ਵਿੱਚ ਖੜਾ ਹੈ ਪੁਲਿਸ ਨੂੰ ਚੇਤਾਵਨੀ ਦਿੰਦਿਆਂ ਹੋਇਆ ਉਹਨਾਂ ਕਿਹਾ ਕਿ ਜੇਕਰ ਜਲਦ ਚੋਰਾਂ ਤੇ ਠਲ ਨਾ ਪਾਈ ਗਈ ਤਾਂ ਆਉਣ ਵਾਲੇ ਸਮੇਂ ਦੇ ਵਿੱਚ ਵੱਡੇ ਪੱਧਰ ਦੇ ਉੱਪਰ ਰੋਡ ਜਾਮ ਕੀਤੇ ਜਾਣਗੇ। ਇਸ ਮੌਕੇ ਉਹਨਾਂ ਨਾਲ ਨਰਿੰਦਰ ਸੂਦ ,ਹਰਜਿੰਦਰ ਸਿੰਘ, ਪਾਖਰ ਸਿੰਘ,ਸ਼ਾਮ ਲਾਲ ਕੜਵਲ, ਸੋਹਣ ਲਾਲ ਸਾਬਕਾ ਐਮ ਸੀ, ਮਲਕੀਤ ਸਿੰਘ ਗੁਰਾਇਆ,ਸਤਨਾਮ ਸਿੰਘ ਸੱਤੀ, ਗੋਲਡੀ ਸ਼ਰਮਾ, ਗੌਤਮ ਸੂਦ, ਅਮਨ ਕੁਮਾਰ, ਮਨਿੰਦਰ ਸ਼ਰਮਾ, ਫਕੀਰ ਚੰਦ, ਜਸਬੀਰ ਸਿੰਘ ਲੱਕੀ, ਮਲਕੀਤ ਸਿੰਘ,ਤਾਰਾ ਚੰਦ, ਅਮੀ ਚੰਦ, ਹਰਮੇਸ਼ ਸ਼ਰਮਾ, ਰਾਹੁਲ ਰਾਣਾ, ਬੱਲਾ ਸ਼ਰਮਾ,ਇਮਰਾਨ ਖਾਨ, ਟੇਕ ਚੰਦ ਰਿੰਕੂ, ਪ੍ਰਵੀਨ ਸ਼ਰਮਾ, ਮਨਜੀਤ ਸ਼ਰਮਾ, ਧੀਰਜ ਕੁਮਾਰ, ਸੰਦੀਪ ਬੰਟੀ, ਵਿੱਕੀ ਡਾਕਟਰ, ਮਨਿੰਦਰ ਸ਼ਰਮਾ ਸਾਹਿਲ ਸੂਦ, ਵਿਕਾਸ ਕਪਿਲ, ਕ੍ਰਿਸ਼ਨ ਰਾਣਾ, ਗਮਦੂਰ ਸਿੰਘ, ਕੁਲਬੀਰ ਸਿੰਘ,ਕੁਲਵਿੰਦਰ ਸਿੰਘ,ਮੇਹਰਪ੍ਰੀਤ ਸਿੰਘ, ਕਰਮ ਚੰਦ, ਅਖਿਲ ਨੀਟਾ , ਗੁਲਜ਼ਾਰ ਸਿੰਘ,ਕਸ਼ਮੀਰ ਸਿੰਘ, ਰਵੀ ਧੀਮਾਨ, ਪ੍ਰਿੰਸ ਸੇਖੂਪੁਰ, ਆਦਿ ਹਾਜ਼ਰ ਸਨ।




# ਜਲੰਧਰ ਕੁੰਜ ਕਾਲੋਨੀ ਨੂੰ ਸੀਵਰੇਜ ਪਾਈਪ ਨਾਲ ਜੋੜਨ ਦਾ ਵਿਧਾਇਕ ਬਲਕਾਰ ਸਿੰਘ ਨੇ ਰੱਖਿਆ ਨੀਂਹ ਪੱਥਰ

ਪੰਜਾਬ ਦਾ ਖੁਲਾਸਾ



**ਜਲੰਧਰ, 26 ਨਵੰਬਰ (ਅਮ੍ਰਿਤਪਾਲ ਸਿੰਘ)**: ਪਿਛਲੇ ਕਈ ਵਰ੍ਹਿਆਂ ਤੋਂ ਜਲੰਧਰ ਕੁੰਜ ਕਾਲੋਨੀ ਨੂੰ ਸੀਵਰੇਜ ਦੀ ਆ ਰਹੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਵਿਧਾਇਕ ਬਲਕਾਰ ਸਿੰਘ ਨੇ ਸੀਵਰੇਜ ਨੂੰ ਮੁੱਖ ਪਾਈਪ ਨਾਲ ਜੋੜਨ ਦੇ ਕਾਰਜ ਦਾ ਨੀਂਹ ਪੱਥਰ ਰਖਿਆ। ਇਸ ਮੌਕੇ ਵਿਧਾਇਕ ਬਲਕਾਰ ਸਿੰਘ ਨੇ ਕਿਹਾ ਉਕਤ ਕਾਲੋਨੀ ਦੀ ਜਲੰਧਰ ਕੁੰਜ ਵੈਲਫੇਅਰ ਸੁਸਾਇਟੀ ਜਿੱਥੇ ਆਪਣੇ ਪੱਧਰ 'ਤੇ ਸੈਂਟ ਸੋਲਜਰ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਦੇ ਸਹਿਯੋਗ ਨਾਲ ਦੇਖਭਾਲ ਕਰ ਰਹੀ ਸੀ ਉੱਥੇ ਇਸ ਕਾਲੋਨੀ ਨੂੰ ਹਰ ਪੱਖੋਂ ਸੋਹਣਾ ਤੇ ਸਹੂਲਤਾਂ ਨਾਲ ਭਰਪੂਰ ਕਰਨ ਦੀ ਜ਼ਿੰਮੇਵਾਰੀ ਹੁਣ ਉਨ੍ਹਾਂ ਦੀ ਹੈ।ਇਸ ਮੌਕੇ ਜਲੰਧਰ ਕੁੰਜ ਵੈਲਫੇਅਰ ਸੁਸਾਇਟੀ ਪ੍ਰਧਾਨ ਗਿਆਨ ਚੰਦ, ਕੈਪਟਨ ਆਈ ਐੱਸ ਧਾਮੀ, ਨਰਿੰਦਰ ਰੋਕੀ, ਯਾਦਵਿੰਦਰ ਸਿੰਘ ਰੰਧਾਵਾ, ਦਲਜੀਤ ਸਿੰਘ ਸੇਠੀ ਤੇ ਹਰਸ਼ਰਨ ਸਿੰਘ ਚੀਮਾ ਆਦਿ ਨੇ ਆਏ ਮਹਿਮਾਨਾ ਦਾ ਧੰਨਵਾਦ ਕੀਤਾ। ਇਸ ਮੌਕੇ ਨਿਗਮ ਕਮਿਸ਼ਨਰ, ਪ੍ਰਿੰਸ ਚੋਪੜਾ, ਗ੍ਰਾਮ ਪੰਚਾਇਤ ਪਿੰਡ ਵਰਿਆਣਾ, ਹਰਪ੍ਰੀਤ ਸਿੰਘ ਹੈਪੀ ਘੁੰਮਣ, ਸੁਖਰਾਜ ਸਿੰਘ ਰਾਜਾ, ਨਰਿੰਦਰ ਰੋਕੀ, ਸੁਰਜੀਤ ਸਿੰਘ ਕਾਹਲੋਂ, ਹਰਪ੍ਰੀਤ ਸਿੰਘ, ਗੁਰਚਰਨ ਸਿੰਘ, ਅਸ਼ੋਕ ਅਰੋੜਾ, ਸਮਸ਼ੇਰ ਸਿੰਘ, ਅਮਰਜੀਤ ਸਿੰਘ, ਗੁਰਜੀਤ ਸਿੰਘ, ਬਲਜਿੰਦਰ ਸਿੰਘ, ਜਤਿੰਦਰ ਸਿੰਘ ਆਦਿ ਹਾਜ਼ਰ ਸਨ।

# ਆਦਮਪੁਰ ਵਿੱਚ ਲੱਗੇ ਅੱਖਾਂ ਦੇ ਕੈਂਪ ਵਿਚ 1025 ਮਰੀਜ਼ਾਂ ਦੇ ਅੱਖਾਂ ਦੇ ਆਪ੍ਰੇਸ਼ਨ ਕੀਤੇ ਗਏ

ਪੰਜਾਬ ਦਾ ਖੁਲਾਸਾ



**ਜਲੰਧਰ, 26 ਨਵੰਬਰ (ਅਮ੍ਰਿਤਪਾਲ ਸਿੰਘ)** ਲਾਇਨਜ਼ ਕਲੱਬ ਆਦਮਪੁਰ ਵੱਲੋਂ ਲਾਇਨਜ਼ ਆਈ ਹਸਪਤਾਲ ਆਦਮਪੁਰ ਵਿੱਚ ਪ੍ਰਧਾਨ ਕੁਲਵੀਰ ਸਿੰਘ ਅਤੇ ਚੇਅਰਮੈਨ ਦਸਵਿੰਦਰ ਚਾਂਦ ਦੀ ਦੇਖ-ਰੇਖ ਹੇਠ ਲਾਇਨਜ਼ ਆਈ ਹਸਪਤਾਲ ਚੈਰੀਟੇਬਲ ਟਰੱਸਟ ਤੇ ਆਈਜ਼ ਫਾਰ ਦਿ ਵਰਲਡ ਕੈਨੇਡਾ ਅਤੇ ਸੰਤ ਵਤਨ ਸਿੰਘ ਨੰਬਰਦਾਰ ਭਗਵੰਤ ਸਿੰਘ ਮਿਨਹਾਸ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ 40ਵਾਂ ਅੱਖਾਂ ਦਾ ਮੁਫ਼ਤ ਅਪਰੇਸ਼ਨ ਕੈਂਪ ਲਗਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸਮਾਜ ਸੇਵਕ ਐੱਨਆਰਆਈ ਜਤਿੰਦਰ ਜੇ ਮਿਨਹਾਸ, ਵਿਧਾਇਕ ਸੁਖਵਿੰਦਰ ਕੋਟਲੀ, ਸਾਬਕਾ ਵਿਧਾਇਕ ਕਵਲਜੀਤ ਸਿੰਘ ਲਾਲੀ, ਰਸ਼ਪਾਲ ਸਿੰਘ ਬੱਚਾ ਜੀਵੀ (ਜ਼ਿਲ੍ਹਾ ਗਵਰਨਰ), ਕਾਰਜਸਾਧਕ ਅਫਸਰ ਰਾਮ ਜੀਤ ਤੇ ਬਿੱਕਰ ਕੁਮਾਰ ਪਹੁੰਚੇ ਜਦੋਂ ਕਿ ਵਿਸ਼ੇਸ਼ ਮਹਿਮਾਨ ਵਜੋਂ ਡਾਕਟਰ ਜੱਸੀ ਮਿਨਹਾਸ ਹਾਜ਼ਰ ਰਹੇ।ਚੇਅਰਮੈਨ ਦਸਵਿੰਦਰ ਚਾਂਦ ਤੇ ਵਾਈਸ ਚੇਅਰਮੈਨ ਅਮਰਜੀਤ ਸਿੰਘ ਨੇ ਦੱਸਿਆ ਕਿ ਕੈਂਪ ਵਿੱਚ ਕੁੱਲ 2975 ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ 1025 ਮਰੀਜ਼ਾਂ ਦੇ ਅਪਰੇਸ਼ਨ ਹਸਪਤਾਲ ਵਿੱਚ ਹੀ ਅਲਟਰਾ ਮਾਡਰਨ ਫੀਕੋ ਵਿਧੀ ਰਾਹੀਂ ਕੀਤੇ ਕੀਤੇ ਗਏ। ਇਸ ਮੌਕੇ ਆਈਜ਼ ਫਾਰ ਦਿ ਵਰਲਡ ਟੀਮ ਕੈਨੇਡਾ ਵੱਲੋਂ 44 ਲੱਖ ਦੀ ਮਸ਼ੀਨ ਜੋ ਅੱਖ ਦੇ ਪਰਦੇ ਦਾ ਇਲਾਜ ਕਰਦੀ ਹੈ, ਲਾਇਨਜ਼ ਆਈ ਹਸਪਤਾਲ ਨੂੰ ਦਿੱਤੀ ਗਈ। ਵਿਸ਼ੇਸ਼ ਮਹਿਮਾਨਾਂ ਵਜੋ ਪਰਮਜੀਤ ਸਿੰਗ ਰਾਏਪੁਰ, ਸਤਨਾਮ ਸਿੰਘ ਮਿਨਹਾਸ, ਤਰਸੇਮ ਸਿੰਘ ਮਿਨਹਾਸ, ਅਵਤਾਰ ਸਿੰਘ ਮਿਨਹਾਸ, ਅਮਰਜੀਤ ਸਿੰਘ ਔਜਲਾ, ਡਾ. ਅਮਤੋਜ ਸਿੰਘ, ਚੇਅਰਮੈਨ ਪਰਮਜੀਤ ਸਿੰਘ ਰਾਜਵੰਸ਼, ਪ੍ਰਧਾਨ ਦਰਸ਼ਨ ਸਿੰਘ ਕਰਵਲ, ਗੁਰਦੀਪ ਸਿੰਘ ਕਾਲਰਾ ਵਜੋ ਪਹੁੰਚੇ। ਕਲੱਬ ਦੇ ਪ੍ਰਧਾਨ ਕੁਲਵੀਰ ਸਿੰਘ ਨੇ ਸਭਨਾਂ ਸਹਿਯੋਗੀਆਂ, ਆਏ ਪਤਵੰਤਿਆਂ ਦਾ ਧੰਨਵਾਦ ਕੀਤਾ।

# ਰਿਪਬਲਿਕਨ ਪਾਰਟੀ ਆਫ ਇੰਡੀਆ ਵੱਲੋ ਸੰਵਿਧਾਨ ਦਿਵਸ ਸਬੰਧੀ ਕੱਢੀ ਗਈ ਰੈਲੀ

ਪੰਜਾਬ ਦਾ ਖੁਲਾਸਾ



**ਮਲੋਟ, 26 ਨਵੰਬਰ (ਕ੍ਰਿਸ਼ਨ ਮਦਾਨ/ਅਮਰਨਾਥ ਸੋਨੀ )** ਅੱਜ ਰਿਪਬਲਿਕਨ ਪਾਰਟੀ ਆਫ ਇੰਡੀਆ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਭਾਈ ਕਾ ਕੇਰਾ ਦੀ ਅਗਵਾਈ ਹੇਠ ਬੀਤੇ ਦਿਨੀ ਸੰਵਿਧਾਨ ਦਿਵਸ ਮਨਾਇਆ ਗਿਆ। ਸੰਵਿਧਾਨ ਦਿਵਸ ਦੇ ਸੰਬੰਧ ਵਿੱਚ ਇੱਕ ਸੰਵਿਧਾਨ ਪ੍ਰਤੀ ਜਾਗਰੂਕ ਰੈਲੀ ਵੀ ਕੱਢੀ ਗਈ। ਰੈਲੀ ਦੀ ਅਗਵਾਈ ਪੰਜਾਬ ਪ੍ਰਧਾਨ ਨੇ ਕੀਤੀ। ਰੈਲੀ ਸਵੇਰੇ 10 ਵਜੇ ਤੋਂ ਪੰਜਾਬ ਦਫ਼ਤਰ ਮਲੋਟ ਤੋਂ ਸ਼ੁਰੂ ਹੋ ਕੇ ਬਜਾਰਾਂ ਵਿੱਚ ਹੁੰਦੀ ਹੋਈ ਸ੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਪਹੁੰਚੀ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਪ੍ਰਤਿਮਾ ਅੱਗੇ ਨਤਮਸਤਕ ਹੋਈ ਅਤੇ ਇਸ ਦੌਰਾਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੂੰ ਫੁੱਲ ਮਾਲਾ ਭੇਟ ਕੀਤੀਆਂ ਗਈਆਂ। ਰੈਲੀ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਪ੍ਰਧਾਨ ਨੇ ਕਿਹਾ ਕਿ ਬਾਬਾ ਸਾਹਿਬ ਸੰਵਿਧਾਨ ਨਿਰਮਾਤਾ ਸਾਡੇ ਸਮਾਜ ਦੇ ਉਹ ਅਨਮੋਲ ਹੀਰੇ ਹਨ, ਜਿਨ੍ਹਾਂ ਦੀ ਦੇਣ ਕਦੇ ਨਹੀਂ ਦਿੱਤਾ ਜਾ ਸਕਦੀ। ਸਾਨੂੰ ਲੋੜ ਹੈ ਉਨ੍ਹਾਂ ਦੀ ਵਿਚਾਰਧਾਰਾ ਨੂੰ ਜਨ - ਜਨ ਤੱਕ ਪਹੁੰਚਾਉਣਾ ਤੇ ਉਹਨਾਂ ਦੇ ਦੱਸੇ ਨਿਰਦੇਸ਼ਾ ਤੇ ਚੱਲਣ ਦੀ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰਾਂ ਦੇ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਰਹਿਣਗੇ। ਰੈਲੀ ਚ ਮੌਜੂਦ ਵਾਈਸ ਪੰਜਾਬ ਪ੍ਰਧਾਨ ਬਖਤੌਰ ਸਿੰਘ, ਜਰਨਲ ਸਕੱਤਰ ਪੰਜਾਬ ਗੁਰਤੇਜ ਸਿੰਘ, ਦਫ਼ਤਰ ਇੰਚਾਰਜ ਰਵਿੰਦਰ ਜਾਜੋਰੀਆ, ਸੁਖਮੰਦਰ ਸਿੰਘ ਰੁਪਾਣਾ, ਅੰਗਰੇਜ਼ ਸਿੰਘ ਖੁੱਬਣ, ਗੁਰਪ੍ਰੀਤ ਸਿੰਘ ਸੱਗੂ, ਨੱਥਾ ਸਿੰਘ ਖ਼ਾਲਸਾ, ਸੁਖਦੇਵ ਸਿੰਘ ਅਟਵਾਲ, ਫਾਜ਼ਿਲਕਾ ਜਿਲਾ ਪ੍ਰਧਾਨ ਨਾਮਿੰਦਰ ਸਿੰਘ, ਫਾਜ਼ਿਲਕਾ ਪਰਭਾਰੀ ਭੋਲ੍ਹਾ ਸਿੰਘ,ਕਾਰਜਕਾਰੀ ਮੈਂਬਰ ਪ੍ਰੇਮ ਕੁਮਾਰ, ਸੰਦੀਪ ਭਾਟੀਆ, ਪ੍ਰੀਤਮ ਟਾਰਜ਼ਨ, ਦਲੀਪ ਕੁਮਾਰ ਅੰਸੋਲੀਆ, ਰਵੀ ਕੁਮਾਰ ਆਦਿ ਸ਼ਾਮਲ ਹੋਏ।

# ਡੇਰਾ ਬੱਲਾਂ ਦੇ ਸੰਤ ਨਿਰੰਜਨ ਦਾਸ ਜੀ ਨੂੰ ਮਿਲ ਰਹੀਆਂ ਨੇ ਜਾਨੋਂ ਮਾਰਨ ਦੀਆਂ ਧਮਕੀਆਂ, ਸੰਗਤਾਂ ਵਿੱਚ ਭਾਰੀ ਰੋਸ

ਪੰਜਾਬ ਦਾ ਖੁਲਾਸਾ



**ਜਲੰਧਰ, 26 ਨਵੰਬਰ (ਅਮ੍ਰਿਤਪਾਲ ਸਿੰਘ)**:- ਗੁਰੂ ਰਵਿਦਾਸ ਮਹਾਰਾਜ ਅਤੇ ਡੇਰਾ ਬੱਲਾਂ ਦੇ ਸੰਤ ਨਿਰੰਜਨ ਦਾਸ ਨੂੰ ਸੋਸ਼ਲ ਮੀਡੀਆ 'ਤੇ ਗਾਲ੍ਹਾਂ ਕੱਢਣ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਮੁਲਜ਼ਮ ਦੀ ਪਛਾਣ ਸੰਦੀਪ ਕੁਮਾਰ ਉਰਫ ਬੰਟੀ ਵਜੋਂ ਹੋਈ ਹੈ। ਜੋ ਇਸ ਸਮੇਂ ਇਟਲੀ ਵਿਚ ਰਹਿ ਰਿਹਾ ਹੈ। ਮਿਲੀ ਜਾਣਕਾਰੀ ਮੁਤਾਬਕ ਵੀਡੀਓ ਵੀ 9 ਮਹੀਨੇ ਪੁਰਾਣੀ ਹੈ।ਸਮਾਜ ਦੇ ਲੋਕਾਂ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ 'ਚ ਥਾਣਾ ਗੁਰਾਇਆ 'ਚ ਮਾਮਲਾ ਦਰਜ ਕਰ ਲਿਆ ਹੈ।ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਡਾ: ਅੰਬੇਦਕਰਕਾਰ ਸੈਨਾ ਦੇ ਜਲੰਧਰ ਮੁਖੀ ਗੁਲਸ਼ਨ ਕੁਮਾਰ ਨੇ ਦੱਸਿਆ ਕਿ ਉਹ ਮੂਲ ਰੂਪ ਵਿੱਚ ਗੁਰਾਇਆ ਦੇ ਪਿੰਡ ਮੁਸੰਦਪੁਰ ਬਾੜਾ ਦਾ ਰਹਿਣ ਵਾਲਾ ਹੈ ਅਤੇ ਰਵਿਦਾਸ ਬਰਾਦਰੀ ਨਾਲ ਸਬੰਧਤ ਹੈ। ਉਹ 24 ਨਵੰਬਰ ਨੂੰ ਆਪਣੇ ਘਰ ਮੌਜੂਦ ਸੀ। ਇਸ ਦੌਰਾਨ ਉਸ ਦੇ ਵਟਸਐਪ 'ਤੇ 2 ਮਿੰਟ 1 ਸੈਕਿੰਡ ਦਾ ਵੀਡੀਓ ਆਇਆ। ਜਿਸ ਵਿੱਚ ਉਕਤ ਵਿਅਕਤੀ ਰਵਿਦਾਸ ਸਮਾਜ ਬਾਰੇ ਅਸ਼ਲੀਲ ਸ਼ਬਦਾਵਲੀ ਵਰਤ ਰਿਹਾ ਸੀ।ਜਿਸ ਕਾਰਨ ਸਮੁੱਚੇ ਸਮਾਜ ਨੂੰ ਕਾਫੀ ਠੇਸ ਪਹੁੰਚੀ। ਗੁਲਸ਼ਨ ਕੁਮਾਰ ਨੇ ਦੱਸਿਆ ਕਿ ਮੁਲਜ਼ਮ ਇੱਥੇ ਹੀ ਨਹੀਂ ਰੁਕੇ। ਉਸਨੇ ਸੰਤ ਨਿਰੰਜਨ ਦਾਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਮੁਲਜ਼ਮ ਨੇ ਲਾਈਵ ਵਿੱਚ ਕਿਹਾ ਕਿ ਅਸੀਂ ਇੱਕ ਨੂੰ ਮਾਰਿਆ ਹੈ ਅਤੇ ਦੂਜੇ ਦੀ ਵੀ ਵਾਰੀ ਹੈ। ਕੁਮਾਰ ਨੇ ਅੱਗੇ ਕਿਹਾ ਕਿ ਦੋਸ਼ੀਆਂ ਦੇ ਇਨ੍ਹਾਂ ਸ਼ਬਦਾਂ ਨਾਲ ਸਮਾਜ ਨੂੰ ਠੇਸ ਪਹੁੰਚੀ ਹੈ। ਫਿਲਹਾਲ ਦੋਸ਼ੀ ਦੀ ਗ੍ਰਿਫਤਾਰੀ ਨਹੀਂ ਹੋਈ ਹੈ। ਇਸ ਸਬੰਧੀ ਰਵਿਦਾਸ ਸਮਾਜ ਨੇ ਗੁਰਾਇਆ ਥਾਣੇ ਪਹੁੰਚ ਕੇ ਪੁਲੀਸ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਜਿਸ ਤੋਂ ਬਾਅਦ ਦੇਰ ਰਾਤ ਗੁਰਾਇਆ ਥਾਣੇ ਵਿੱਚ ਮਾਮਲੇ ਦੀ ਐਫਆਈਆਰ ਦਰਜ ਕੀਤੀ ਗਈ।

ਆਰ ਸੀ ਐੱਫ ਵਿੱਚ ਯੂਨੀਅਨ ਮਾਨਤਾ ਦੀਆਂ ਚੋਣਾਂ

# ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਭਾਰੀ ਬਹੁਮਤ ਨਾਲ ਜਿੱਤ ਦੇ ਰਾਹ 'ਤੇ ਹੈ- ਸਰਵਜੀਤ ਸਿੰਘ

## ਐੱਨ ਪੀ ਐਸ ਨਾਲੋਂ ਯੂ ਪੀ ਐੱਸ ਜ਼ਿਆਦਾ ਖਤਰਨਾਕ - ਭਰਤ ਰਾਜ

ਪੰਜਾਬ ਦਾ ਖੁਲਾਸਾ



**ਕਪੂਰਥਲਾ, 26 ਨਵੰਬਰ (ਕੌੜਾ)**- ਆਰ ਸੀ ਐੱਫ ਵਿੱਚ ਯੂਨੀਅਨ ਮਾਨਤਾ ਚੋਣਾਂ ਨੂੰ ਲੈ ਕੇ ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਵੱਲੋਂ ਅੱਜ ਸ਼ੈੱਲ ਸ਼ਾਪ ਵਿਖੇ ਇੱਕ ਜ਼ੋਰਦਾਰ ਮੀਟਿੰਗ ਕੀਤੀ ਗਈ, ਆਰ ਸੀ ਐੱਫ ਵਿੱਚ ਯੂਨੀਅਨ ਮਾਨਤਾ ਚੋਣਾਂ ਵਿੱਚ ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਭਾਰੀ ਬਹੁਮਤ ਨਾਲ ਜਿੱਤਣ ਦੀ ਰਾਹ ਤੇ ਹੈ। ਆਰ ਸੀ ਐੱਫ ਦੇ ਸਾਰੇ ਕਰਮਚਾਰੀ ਰੇਲਵੇ ਦੇ ਮਾਨਤਾ ਪ੍ਰਾਪਤ ਦੋਵਾਂ ਫੈਡਰੇਸ਼ਨਾਂ "ਮੇਨਜ ਅਤੇ ਮਜ਼ਦੂਰ ਯੂਨੀਅਨ" ਦੇ ਕੰਮ ਤੋਂ ਬਹੁਤ ਨਾਖੁਸ਼ ਹਨ, ਉਨ੍ਹਾਂ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਮੰਗ ਨੂੰ ਮੰਨਣ ਦੀ ਬਜਾਏ ਯੂ.ਪੀ.ਐਸ. ਲੇ ਕੇ ਆ ਗਏ ਨੇ ਜੋ ਕਰਮਚਾਰੀਆਂ ਦੇ ਨਾਲ ਸ਼ਰੇਆਮ ਧੋਖਾ ਹੈ। ਅੱਜ ਸ਼ੈੱਲ ਸ਼ਾਪ ਵਿੱਚ ਚੋਣ ਪ੍ਰਚਾਰ ਦੌਰਾਨ ਆਰ.ਸੀ.ਐਫ ਇਮਪਲਾਈਜ਼ ਯੂਨੀਅਨ ਦੇ ਜਨਰਲ ਸਕੱਤਰ ਸਰਵਜੀਤ ਸਿੰਘ ਨੇ ਸੰਬੋਧਨ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਕਿਸ ਤਰ੍ਹਾਂ ਦੋਵੇਂ ਯੂਨੀਅਨਾਂ ਆਰ ਸੀ ਐਫ ਮੈਨਸ ਯੂਨੀਅਨ ਅਤੇ ਆਰ ਸੀ ਐਫ ਮਜ਼ਦੂਰ ਯੂਨੀਅਨ ਨੇ ਮਿਲ ਕੇ ਨਾ ਸਿਰਫ ਇਸ ਫੈਕਟਰੀ ਨੂੰ ਸਗੋਂ ਪੂਰੇ ਦੇਸ਼ ਦਾ ਰੇਲਵੇ ਸਿਸਟਮ ਤਬਾਹ ਕਰ ਦਿੱਤਾ ਹੈ। ਹੁਣ ਪੂਰੀ ਰੇਲਵੇ ਸਮੇਤ ਆਰ ਸੀ ਐਫ ਦੇ ਮੁਲਾਜ਼ਮ ਇਨ੍ਹਾਂ ਨੂੰ ਸਬਕ ਸਿਖਾਉਣਾ ਚਾਹੁੰਦੇ ਹਨ। ਆਰ ਸੀ ਐਫ ਵਿੱਚ ਲੋਕਾਂ ਨੇ ਪਹਿਲਾਂ ਹੀ ਆਰਸੀਐਫ ਇੰਪਲਾਈਜ਼ ਯੂਨੀਅਨ ਨੂੰ ਭਾਰੀ ਵੋਟਾਂ ਨਾਲ ਜਿਤਾ ਕੇ ਪਹਿਲੇ ਨੰਬਰ 'ਤੇ ਰੱਖਿਆ ਹੈ ਕਿਉਂਕਿ ਆਰਸੀਐਫ ਇਮਪਲਾਈਜ਼ ਯੂਨੀਅਨ ਨੇ ਕਦੇ ਵੀ ਮੁਲਾਜ਼ਮਾਂ ਦੇ ਹੱਕਾਂ ਨਾਲ ਸਮਝੌਤਾ ਨਹੀਂ ਕੀਤਾ। ਠੇਕੇਦਾਰੀ, ਆਊਟਸੋਰਸਿੰਗ, ਐੱਨ.ਪੀ.ਐੱਸ., ਯੂ.ਪੀ.ਐੱਸ., ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ, ਸਿੱਧੇ ਵਿਦੇਸ਼ੀ ਨਿਵੇਸ਼, ਰੇਲਵੇ ਸਟੇਸ਼ਨਾਂ ਦੇ ਨਿਗਮੀਕਰਨ, ਨਿੱਜੀਕਰਨ, ਰੇਲਵੇ ਟਰੇਨਾਂ ਦੇ ਨਿੱਜੀਕਰਨ ਦੇ ਵਿਰੁੱਧ ਅਤੇ ਰੇਲਵੇ 'ਚ ਨਵੀਂ ਭਰਤੀ, ਮੁਲਾਜ਼ਮਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਲਈ ਹਮੇਸ਼ਾ ਸੰਘਰਸ਼ ਦਾ ਰਾਹ ਅਪਣਾਇਆ ਹੈ।

ਸਰਵਜੀਤ ਸਿੰਘ ਨੇ ਕਿਹਾ ਕਿ ਬਾਕੀ ਦੋ ਯੂਨੀਅਨਾਂ ਸਿਰਫ਼ ਝੂਠ ਦਾ ਪ੍ਰਚਾਰ ਕਰ ਰਹੀਆਂ ਹਨ, ਜੇਕਰ ਉਨ੍ਹਾਂ ਨੇ ਕਦੇ ਮੁਲਾਜ਼ਮਾਂ ਲਈ ਕੁਝ ਕੀਤਾ ਹੈ ਤਾਂ ਉਹ ਪ੍ਰਚਾਰ ਕਰਨ ਲਈ ਸਾਹਮਣੇ ਆਉਣ, ਉਨ੍ਹਾਂ ਕੋਲ ਝੂਠ ਬੋਲਣ ਤੋਂ ਸਿਵਾਏ ਕੁਝ ਨਹੀਂ ਹੈ, ਦੋਵੇਂ ਯੂਨੀਅਨਾਂ ਯੂਪੀਐਸ ਨੂੰ ਲੈ ਕੇ ਕਰਮਚਾਰੀਆਂ ਵਿੱਚ ਭਰਮ ਭੁਲੇਖੇ ਆ ਰਹੇ ਹਨ, ਪਰ ਮੁਲਾਜ਼ਮ ਅਨਪੜ੍ਹ ਨਹੀਂ ਹਨ ਅਤੇ ਇਹਨਾਂ ਦੇ ਭਰਮਾਂ ਦੇ ਜਾਲ ਵਿੱਚ ਨਹੀਂ ਫਸਣਗੇ, ਇਸ ਲਈ ਆਰ ਸੀ ਐੱਫ ਦਾ ਹਰ ਮੁਲਾਜ਼ਮ ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਨੂੰ ਵੱਡੀਆਂ ਵੋਟਾਂ ਨਾਲ ਜਿਤਾਉਣਗੇ।

ਆਰ ਸੀ ਐਫ ਇਮਪਲਾਈਜ ਯੂਨੀਅਨ ਦੇ ਜਥੇਬੰਧਕ ਸਕੱਤਰ ਭਰਤ ਰਾਜ ਨੇ ਕਿਹਾ ਕਿ ਯੂ.ਪੀ.ਐਸ ਸਕੀਮ 24 ਅਗਸਤ 2024 ਨੂੰ ਰੇਲਵੇ ਦੀਆਂ ਦੋਵੇਂ ਮਾਨਤਾ ਪ੍ਰਾਪਤ ਫੈਡਰੇਸ਼ਨਾਂ ਵੱਲੋਂ ਭਾਰਤ ਸਰਕਾਰ ਦੀ ਮਿਲੀਭੁਗਤ ਨਾਲ ਲਾਗੂ ਕੀਤੀ ਗਈ ਸੀ ਅਤੇ ਬੇਸ਼ਰਮੀ ਦੀ ਹੱਦ ਦੇਖੋ ਕਿ ਦੋਵੇਂ ਮਾਨਤਾ ਪ੍ਰਾਪਤ ਫੈਡਰੇਸ਼ਨਾਂ ਭਾਰਤ ਸਰਕਾਰ ਦੇ ਏਜੰਟ ਵਾਂਗ ਇਸ ਦੇ ਗੁਣਗਾਨ ਗਾ ਕੇ ਇਸ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਜਦੋਂ ਕਿ ਅਸਲ ਵਿੱਚ ਯੂਪੀਐਸ ਐਨਪੀਐਸ ਤੋਂ ਵੀ ਵੱਧ ਖ਼ਤਰਨਾਕ ਸਕੀਮ ਹੈ, ਜਿਸ ਵਿੱਚ ਮੁਲਾਜ਼ਮਾਂ ਦੀ ਮਿਹਨਤ ਦੀ ਕਮਾਈ ਖੋਹ ਲਈ ਜਾਵੇਗੀ। ਭਰਤ ਰਾਜ ਨੇ ਦੋਵਾਂ ਯੂਨੀਅਨਾਂ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਕਿਹਾ ਕਿ ਜੇਕਰ ਹਿੰਮਤ ਹੈ ਤਾਂ ਉਹ ਯੂ.ਪੀ.ਐੱਸ ਦੇ ਨਾਂ 'ਤੇ ਮੁਲਾਜ਼ਮਾਂ ਤੋਂ ਵੋਟਾਂ ਮੰਗਣ ਅਤੇ ਦੇਖਣ ਕਿ ਮੁਲਾਜ਼ਮ ਉਨ੍ਹਾਂ ਨਾਲ ਕਿਵੇਂ ਭਜਾਉਂਦੇ ਹਨ। ਉਨ੍ਹਾਂ ਦੋਵੇਂ ਯੂਨੀਅਨਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਗੁੰਮਰਾਹ ਕਰਕੇ ਮੁਲਾਜ਼ਮਾਂ ਦਾ ਭਵਿੱਖ ਬਰਬਾਦ ਕਰਨਾ ਬੰਦ ਕਰਨ, ਨਹੀਂ ਤਾਂ ਮੁਲਾਜ਼ਮ ਵੋਟਾਂ ਚੋਟ ਦੇ ਨਾਲ ਇਨ੍ਹਾਂ ਨੂੰ ਸਬਕ ਸਿਖਾਉਣਗੇ। ਦੋਸਤੋ ਜੇਕਰ ਤੁਸੀਂ ਆਰ ਸੀ ਐੱਫ ਨੂੰ ਬਚਾਉਣਾ ਚਾਹੁੰਦੇ ਹੋ ਅਤੇ ਆਪਣਾ ਘਰ ਬਚਾਉਣਾ ਚਾਹੁੰਦੇ ਹੋ ਤਾਂ ਆਉਣ ਵਾਲੀ 4 ਦਸੰਬਰ ਨੂੰ ਘਰ ਦੀ ਮੋਹਰ ਲਗਾਓ ਅਤੇ ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਨੂੰ ਭਾਰੀ ਵੋਟਾਂ ਨਾਲ ਜਿਤਾਓ ਤਾਂ ਜੋ ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਤੁਹਾਡੇ ਸਾਰੇ ਸੁਪਨੇ ਪੂਰੇ ਕਰ ਸਕੇ।

ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਮਨਪ੍ਰੀਤ ਸਿੰਘ ਨੇ ਪੰਜਮਨਾ ਆਰਟ ਪ੍ਰੈਸ, ਨੇੜੇ ਪੀ.ਐਨ.ਬੀ. ਬੈਂਕ, ਅਬੋਹਰ ਰੋਡ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਪੰਜਾਬ ਦਾ ਖੁਲਾਸਾ ਦਫਤਰ, ਹਾਊਸ ਨੰਬਰ 236/3, ਨਾਕਾ ਨੰ.2 ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਮਨਪ੍ਰੀਤ ਸਿੰਘ
Owner, Publisher & Printer Manpreet Singh Printed at Panjmana Art Press Near PNB Bank, Abohar Road Sri Muktsar Sahib Published from House No 236/3 Naka No 2, Darbar Sahib Sri Muktsar Sahib. Editor Manpreet Singh

# ਗਲੋਬਲ ਕ੍ਰਿਸਚਿਅਨ ਐਕਸ਼ਨ ਕਮੇਟੀ ਮਸੀਹ ਭਾਈਚਾਰੇ ਤੇ ਜ਼ੁਲਮ ਬਰਦਾਸ਼ਤ ਨਹੀਂ ਕਰੇਗਾ: ਪ੍ਰਧਾਨ ਜਤਿੰਦਰ ਗੋਰਵ ਮਸੀਹ

ਪੰਜਾਬ ਦਾ ਖੁਲਾਸਾ



**ਅੰਮ੍ਰਿਤਸਰ, 26 ਨਵੰਬਰ (ਦਿਨੇਸ਼ ਸੋਨੀ)** ਗਲੋਬਲ ਕ੍ਰਿਸਚਿਅਨ ਐਕਸ਼ਨ ਕਮੇਟੀ ਵੱਲੋ ਪਾਸਟਰ ਜਤਿੰਦਰ ਮਸੀਹ ਜੀ ਵਾਸੀ ਕੋਟ ਖਾਲਸਾ ਅੰਮ੍ਰਿਤਸਰ ਨਾਲ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਮੁਲਾਕਾਤ ਕੀਤੀ। ਜਿਹਨਾਂ ਦਾ ਪਿਛਲੇ ਸੱਤ ਮਹੀਨੇ ਤੋਂ ਝਗੜਾ ਚੱਲ ਰਿਹਾ ਸੀ ਅਤੇ ਜਿਹਨਾਂ ਨੂੰ ਬੀਤੇ ਕੱਲ ਚਾਕੂ ਮਾਰ ਕਿ ਬਹੁਤ ਗੰਭੀਰ ਜਖਮੀ ਕਰ ਦਿੱਤਾ ਗਿਆ ਸੀ ਜਿਸ ਤੇ ਪ੍ਰਧਾਨ ਸ਼੍ਰੀ ਜਤਿੰਦਰ ਮਸੀਹ ਗੌਰਵ ਜੀ ਵਲੋ ਐਕਸ਼ਨ ਲੈਂਦਿਆ ਪਰਚਾ ਦਰਜ ਕਰਵਾਇਆ ਗਿਆ ਅਤੇ ਦੋ ਦੋਸ਼ੀ ਵੀ ਕਾਬੂ ਕਰਵਾਏ, ਅੱਜ ਹਸਪਤਾਲ ਵਿੱਚ ਮਿਲਣ ਮੌਕੇ ਪ੍ਰਧਾਨ ਸ੍ਰੀ ਜਤਿੰਦਰ ਮਸੀਹ ਗੌਰਵ ਵਲੋ ਪਾਸਟਰ ਜੀ ਦੇ ਇਲਾਜ਼ ਦਾ ਸਾਰਾ ਖਰਚਾ ਅੰਕੁਰ ਨਰੂਲਾ ਮਨਿਸਟਰੀ ਅਤੇ ਗਲੋਬਲ ਕ੍ਰਿਸਚਿਅਨ ਐਕਸ਼ਨ ਕਮੇਟੀ ਵੱਲੋ ਚੁੱਕਣ ਦਾ ਵਾਅਦਾ ਵੀ ਕੀਤਾ। ਇਸ ਮੌਕੇ ਤੇ ਗਲੋਬਲ ਦੇ ਕੋ ਆਰਡੀਨੇਟਰ ਬੰਟੀ ਅਜਨਾਲਾ ਅਤੇ ਜਰਨਲ ਸਕੱਤਰ ਲੂਕਸ ਮਸੀਹ ਅੰਮ੍ਰਿਤਸਰ ਅਤੇ ਪਾਸਟਰ ਵਿੰਗ ਪੰਜਾਬ ਦੇ ਜਰਨਲ ਸਕੱਤਰ ਪਾਸਟਰ ਸਮੂਏਲ ਸੋਨੀ ਮੀਤ ਪ੍ਰਧਾਨ ਪਾਸਟਰ ਵਿੰਗ ਪਾਸਟਰ ਯਾਕੂਬ ਮਸੀਹ, ਜਿਲਾ ਅੰਮ੍ਰਿਤਸਰ ਦੇ ਪ੍ਰਧਾਨ ਸ਼੍ਰੀ ਅਮਰ ਮਸੀਹ ਵੇਰਕਾ, ਪੰਜਾਬ ਸਕੱਤਰ ਦੀਪਕ ਮਸੀਹ ਲੋਪਾ, ਬ੍ਰਾਂਚ ਬਟਾਲਾ ਦੇ ਪ੍ਰਧਾਨ ਰਮਨ ਮਸੀਹ, ਬ੍ਰਾਂਚ ਅੰਮ੍ਰਿਤਸਰ ਦੇ ਪ੍ਰਧਾਨ ਜੀਵਨ ਮਸੀਹ ਭੱਟੀ ਅਤੇ ਬਾਕੀ ਸਾਰੀ ਟੀਮ ਹਾਜਿਰ ਸੀ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮਨਾਇਆ ਗਿਆ ਸੰਵਿਧਾਨ ਦਿਵਸ

ਪੰਜਾਬ ਦਾ ਖੁਲਾਸਾ

**ਸ੍ਰੀ ਮੁਕਤਸਰ ਸਾਹਿਬ, 26 ਨਵੰਬਰ (ਮਨਪ੍ਰੀਤ ਮੋਨੂੰ)**- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਅਤੇ ਸ਼ੈਸਨਜ਼ ਜੱਜ -ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਰਾਜ ਕੁਮਾਰ ਦੀ ਪ੍ਰਧਾਨਗੀ ਹੇਠ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਵਿਖੇ ਸੰਵਿਧਾਨ ਦਿਵਸ ਮਨਾਉਣ ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਆਥਾਰਟੀ ਡਾ. ਗਗਨਦੀਪ ਕੌਰ ਵੀ ਹਾਜ਼ਰ ਰਹੇ। ਇਸ ਮੌਕੇ ਸੈਸ਼ਨ ਜੱਜ ਵੱਲੋ ਹਾਜ਼ਰ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੰਵਿਧਾਨ ਦਿਵਸ ਅਤੇ ਨਵੇਂ ਕਾਨੂੰਨਾਂ ਬਾਰੇ, ਨਸ਼ਿਆਂ ਸਬੰਧੀ, ਲੋਕ ਅਦਾਲਤਾਂ ਸਬੰਧੀ, ਸਥਾਈ ਲੋਕ ਅਦਾਲਤਾਂ ਸਬੰਧੀ, ਟਰੈਫਿਕ ਦੇ ਨਿਯਮਾ ਸਬੰਧੀ, ਅਪਰਾਧ ਪੀੜਿਤਾਂ ਸਕੀਮ ਸਬੰਧੀ ਅਤੇ ਅਤੇ ਹੋਰ ਵਿਸ਼ਿਆ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਡਾ. ਗਗਨਦੀਪ ਕੌਰ ਵੱਲੋ 14 ਦਸੰਬਰ 2024 ਨੂੰ ਲਗਾਈ ਜਾਣ ਵਾਲੀ ਨੈਸ਼ਨਲ ਲੋਕ ਅਦਾਲਤ ਬਾਰੇ ਦੱਸਿਆ ਗਿਆ। ਉਨ੍ਹਾਂ ਦੱਸਿਆ ਕਿ




ਜੇਕਰ ਕੋਈ ਧਿਰ ਆਪਣੇ ਕੇਸ ਦਾ ਨਿਪਟਾਰਾ ਲੋਕ ਅਦਾਲਤ ਵਿੱਚ ਲਗਵਾਉਣਾ ਚਾਹੁੰਦੀ ਹੈ ਤਾਂ ਉਹ ਆਪਣਾ ਕੇਸ ਲੋਕ ਅਦਾਲਤ ਵਿੱਚ ਲਗਾ ਸਕਦੇ ਹਨ ਅਤੇ ਹੋਰ ਵਧੇਰੇ ਜਾਣਕਾਰੀ ਲੈਣ ਲਈ 15100 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਮੌਕੇ ਪ੍ਰਿੰਸਪੀਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ(ਕੰਨਿਆ) ਸ੍ਰੀ ਸੁਭਾਸ਼ ਝਾਬ, ਨੇ ਹਾਜਰ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ ਅਤੇ ਉਹਨਾਂ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਸਬ ਡਿਵੀਜਨ ਮਲੋਟ ਅਤੇ ਗਿੱਦੜਬਾਹਾ ਵਿਖੇ ਵੀ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਮੌਕੇ ਸ੍ਰੀ ਗੁਰਪ੍ਰੀਤ ਸਿੰਘ ਚੌਹਾਨ, ਚੀਫ, ਡਿਫੈਂਸ ਕੌਂਸਲ, ਸ੍ਰੀ ਰਾਜਿੰਦਰ ਪਾਲ ਸ਼ਰਮਾ, ਡਿਪਟੀ ਚੀਫ, ਡਿਫੈਂਸ ਕੌਂਸਲ, ਸ੍ਰੀ ਹਰਮੀਤ ਸਿੰਘ ਬੇਦੀ, ਲੀਗਲ ਲਿਸਰੇਸੀ ਕਲੱਬ ਦੇ ਇੰਚਾਰਜ ਵੀ ਹਾਜਰ ਸਨ।



# ਐਡਵੋਕੇਟ ਰਜਨੀਸ਼ ਦਹੀਆ ਵੱਲੋਂ ਖੇਤੀ ਹਾਦਸੇ ਦੇ ਪੀੜਤ ਨੂੰ ਕੀਤਾ ਚੈੱਕ ਭੇਂਟ

ਪੰਜਾਬ ਦਾ ਖੁਲਾਸਾ

**ਮਮਦੋਟ, 26 ਨਵੰਬਰ (ਹਰਪ੍ਰੀਤ ਸਿੰਘ ਹੈਪੀ/ਸ਼ਰਮਾ)** ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਵਿਧਾਇਕ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਨੇ ਮਮਦੋਟ ਮਾਰਕੀਟ ਕਮੇਟੀ ਵੱਲੋਂ ਖੇਤੀ ਹਾਦਸਿਆਂ ਨਾਲ ਸੰਬੰਧਿਤ ਪੀੜਤਾਂ ਨੂੰ ਦਿੱਤੀ ਜਾ ਰਹੀ ਵਿੱਤੀ ਸਹਾਇਤਾ ਦੇ ਤਹਿਤ ਪਿੰਡ ਸਾਹਨਕੇ ਦੇ ਸਹਿਲਦੀਪ ਸਿੰਘ ਪੁੱਤਰ ਹਰਮੇਸ਼ ਸਿੰਘ ਨੂੰ 36 ਹਜਾਰ ਰੁਪਏ ਦਾ ਚੈੱਕ ਭੇਂਟ ਕੀਤਾ ਗਿਆ ਇਸ ਮੌਕੇ ਤੇ ਬੋਲਦਿਆਂ ਹੋਇਆਂ ਐਡਵੋਕੇਟ ਰਜਨੀਸ਼ ਕੁਮਾਰ ਦਹੀਆ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਪ੍ਰਤੀ ਵਚਨਬੱਧ ਹੈ ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਮਾਰਕੀਟ ਕਮੇਟੀ ਦੇ ਸਕੱਤਰ ਬਿਕਰਮਜੀਤ ਸਿੰਘ ਸੰਧੂ ਪਾਰਟੀ ਦੇ ਸੀਨੀਅਰ ਆਗੂ ਅਤੇ ਬਲਾਕ ਪ੍ਰਭਾਰੀ ਬਲਰਾਜ ਸਿੰਘ ਸੰਧੂ ,ਬਾਬਾ ਦਲਜੀਤ ਸਿੰਘ ਉੱਪ ਪ੍ਰਧਾਨ ਨਗਰ ਪੰਚਾਇਤ ਮਮਦੋਟ, ਸੁਰਿੰਦਰ ਕੁਮਾਰ ਸੋਨੂ ਸੇਠੀ ਐਮਸੀ ਮਮਦੋਟ,ਤਰਸੇਮ ਸਿੰਘ ਸੋਨੂ ਛੱਪੜ ਵਾਰਡ ਨੰਬਰ 13 ਮਮਦੋਟ ਸੰਜੇ ਗੁਪਤਾ ਟੈਲੀ ਅਪਰੇਟਰ, ਨਵਦੀਪ ਸਿੰਘ ਆਕਸ਼ਨ ਰਿਕਾਰਡਰ ਅਤੇ ਹੋਰ ਬਹੁਤ ਸਾਰੇ ਆਗੂ ਅਤੇ ਵਰਕਰ ਹਾਜ਼ਰ ਸਨ

# ਹਰਦੀਪ ਸਿੰਘ ਮਾਨ ਨੇ ਥਾਣਾ ਸਤਨਾਮਪੁਰਾ ਦਾ ਚਾਰਜ ਸੰਭਾਲਿਆ

ਪੰਜਾਬ ਦਾ ਖੁਲਾਸਾ



**ਫਗਵਾੜਾ, 26 ਨਵੰਬਰ ( ਪ੍ਰੀਤ ਕੌਰ ਪ੍ਰੀਤੀ)** ਪੁਲਿਸ ਵਲੋਂ ਕੀਤੀਆ ਜਾ ਰਹੀਆ ਲਗਾਤਾਰ ਬਦਲੀਆ ਦੇ ਚੱਲਦੇ ਹਰਦੀਪ ਸਿੰਘ ਮਾਨ ਜੋ ਥਾਣਾ ਫਤੂਢੀਗਾ ਵਿਖੇ ਅਪਣੀਆ ਬੇਹਤਰੀਨ ਸੇਵਾਵਾਂ ਨਿਭਾ ਰਹੇ ਸਨ ਨੂੰ ਬਦਲ ਥਾਣਾ ਸਤਨਾਮਪੁਰਾ ਵਿਖੇ ਬਤੌਰ ਐਸ ਐਚ ਨਿਯੁਕਤ ਕੀਤਾ ਗਿਆ ਹੈ ਵਲੋਂ ਅਪਨਾ ਅਹੁਦਾ ਸੰਭਾਲਿਆ ਗਿਆ ਹੈ ਇਸ ਮੌਕੇ ਜਦੋਂ ਉਨ੍ਹਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਲਾਕੇ ਵਿੱਚੋਂ ਨਸਾ ਤਸਕਰਾਂ ਨੂੰ ਕਾਬੂ ਕਰ ਕੇ ਸਾਂਤਮਈ ਵਾਤਾਰਵਨ ਕਾਇਮ ਰੱਖਣਾ ਸਾਡਾ ਮੁੱਖ ਮਕਸਦ ਹੈ ਉਨ੍ਹਾਂ ਕਿਹਾ ਕਿ ਅਪਰਾਧਿਕ ਅਨਸਰਾਂ ਖਿਲਾਫ ਪੁਲਿਸ ਸਖਤੀ ਨਾਲ ਨਜਿੱਠੇਗੀ ਉਨਾਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਵਿਆਕਤੀ ਸੱਕੀ ਲੱਗਦਾ ਹੈ ਜਾਂ ਨਸ਼ਿਆਂ ਦਾ ਕਾਰੋਬਾਰ ਕਰਦਾ ਹੈ ਜਾਂ ਕਿਸੇ ਵੀ ਕਿਸਮ ਦੇ ਅਪਰਾਧ ਨਾਲ ਜੁੜਿਆ ਹੋਇਆ ਹੈ, ਤਾਂ ਉਸ ਬਾਰੇ ਪੁਲਿਸ ਨੂੰ ਸੂਚਨਾ ਦਿੱਤੀ ਜਾਵੇ ਉਹਨਾਂ ਨੇ ਕਿਹਾ ਕਿ ਪੁਲਿਸ ਪ੍ਰਸਾਸਨ ਨਸਾ ਤਸਕਰਾਂ ਨੂੰ ਨੱਥ ਪਾਉਣ ਲਈ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ ਅਤੇ ਇਸ ਵਿੱਚ ਹੋਰ ਜ਼ਿਆਦਾ ਤੇਜੀ ਲਿਆਉਣ ਲਈ ਆਮ ਲੋਕਾਂ ਦਾ ਸਾਥ ਜਿਆਦਾ ਜਰੂਰੀ ਹੈ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੋ ਵੀ ਵਿਅਕਤੀ ਨਸਿਆਂ ਦਾ ਕਾਰੋਬਾਰ ਕਰਨ ਵਾਲਿਆਂ ਦੀ ਸੂਚਨਾ ਪੁਲਿਸ ਨੂੰ ਦੇਵੇਗਾ ਉਸ ਵਿਅਕਤੀ ਦਾ ਨਾਂਅ ਗੁਪਤ ਰੱਖਿਆ ਜਾਵੇਗਾ, ਜੇਕਰ ਸਾਰਾ ਸਮਾਜ ਨਸ਼ਿਆਂ ਖਿਲਾਫ ਡਟ ਕੇ ਖੜ੍ਹ ਜਾਵੇ ਤਾਂ ਨਸਾ ਸਮਗਲਰਾਂ ਨੂੰ ਫੜ ਕੇ ਜੇਲ੍ਹਾਂ ਵਿੱਚ ਡੱਕਿਆ ਜਾ ਸਕਦਾ ਹੈ।

# ਐਚ.ਐਮ.ਆਈ.ਐਸ/ ਅਨਮੋਲ ਅਤੇ ਆਰ.ਸੀ.ਐਚ ਪੋਰਟਲ ਦੀ ਟ੍ਰੇਨਿੰਗ ਕਮ ਰੀਵਿਊ ਮੀਟਿੰਗ ਕੀਤੀ

ਪੰਜਾਬ ਦਾ ਖੁਲਾਸਾ



**ਬੱਸੀ ਪਠਾਣਾ, 26 ਨਵੰਬਰ (ਉਦੇ ਧੀਮਾਨ)**: ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਬਲਾਕ ਪੀ ਐਚ ਸੀ ਨੰਦਪੁਰ ਕਲੋੜ ਅਧੀਨ ਸੀ ਐਚ ਸੀ ਖੇੜਾ ਵਿੱਖੇ ਡਵੀਜ਼ਨਲ ਕੋਆਰਡੀਨੇਟਰ ਪਟਿਆਲਾ ਵਿਵੇਕ ਭਗਤ ਅਤੇ ਡੀ.ਐਮ.ਈ. ਵਿੱਕੀ ਵਰਮਾ ਵੱਲੋ ਐੱਸ.ਐੱਮ.ਓ ਡਾ. ਰਕੇਸ਼ ਬਾਲੀ ਦੀ ਨਿਗਰਾਨੀ ਹੇਠ ਬਲਾਕ ਦੇ ਸਮੂਹ ਸੀ. ਐਚ. ਓ, ਐਲ.ਐਚ.ਵੀ, ਏ.ਐਨ.ਐਮ, ਮੈਡੀਕਲ ਅਫ਼ਸਰ ਅਤੇ ਬੀ.ਪੀ.ਐਮ.ਯੂ ਸਟਾਫ਼ ਦੀ ਐਚ.ਐਮ.ਆਈ.ਐਸ/ ਅਨਮੋਲ ਅਤੇ ਆਰ.ਸੀ.ਐਚ ਪੋਰਟਲ ਦੀ ਟ੍ਰੇਨਿੰਗ ਕਮ ਰੀਵਿਊ ਮੀਟਿੰਗ ਕੀਤੀ ਗਈ। ਇਸ ਵਿਚ ਐਚ.ਐਮ.ਆਈ.ਐਸ/ ਅਨਮੋਲ ਅਤੇ ਆਰ.ਸੀ.ਐਚ ਪੋਰਟਲ ਵਿੱਚ ਕੀਤੀਆ ਗਈਆ ਨਵੀ ਤਬਦੀਲੀਆਂ ਜਿਵੇਂ ਕਿ ਗਰਭਵਤੀ ਔਰਤਾਂ ਦੀ ਆਭਾ ਆਈ ਡੀ ਨਾਲ ਲਿੰਕ ਕਰਨਾ ਦੇ ਨਾਲ ਨਾਲ ਸਟਾਫ ਨੂੰ ਪੋਰਟਲ ਨਾਲ ਸੰਬਧਤ ਆ ਰਹੀਆਂ ਔਕੜਾ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਟ੍ਰੇਨਿੰਗ ਵਿੱਚ ਹਾਈ ਰਿਸਕ ਨਾਲ ਸੰਬਧਤ ਗਰਭਵਤੀ ਔਰਤਾ ਦੀ ਟ੍ਰੈਕਿੰਗ ਬਾਰੇ ਗੱਲਬਾਤ ਕੀਤੀ ਗਈ। ਇਸ ਨਾਲ ਹੀ ਡਵੀਜ਼ਨਲ ਕੋਆਰਡੀਨੇਟਰ ਪਟਿਆਲਾ ਵਿਵੇਕ ਭਗਤ ਅਤੇ ਡੀ.ਐਮ.ਈ. ਵਿੱਕੀ ਵਰਮਾ ਵੱਲੋ ਕਿਹਾ ਗਿਆ ਕਿ ਆਰ ਸੀ ਐਚ ਅਤੇ ਅਨਮੋਲ ਵਿੱਚ 100 ਪ੍ਰਤੀਸ਼ਤ ਐਮ.ਆਰ ਟੀਕਾਕਰਨ ਦੀ ਪ੍ਰਾਪਤੀ ਨਾਲ ਨਾਲ ਹੋਰ ਟੀਕਾਕਰਨ ਨੂੰ ਵੀ 100 ਪ੍ਰਤੀਸ਼ਤ ਮੁਕੰਮਲ ਕੀਤਾ ਜਾਵੇ। ਅਨੀਮਿਆ ਮੁਕਤ ਭਾਰਤ ਅਧੀਨ ਬੱਚਿਆ ਨੂੰ ਆਈ.ਐਫ.ਏ ਡੋਜ ਦੇਣ ਲਈ ਹਦਾਇਤ ਕੀਤੀ ਗਈ।

# ਕਣਕ ਤੇ ਗੁਲਾਬੀ ਸੁੰਡੀ ਦੇ ਹਮਲੇ ਤੋਂ ਕਿਸਾਨ ਨਾ ਘਬਰਾਉਣ, ਸਗੋਂ ਰਹਿਣ ਸੁਚੇਤ- ਮੁੱਖ ਖੇਤੀਬਾੜੀ ਅਫ਼ਸਰ

ਪੰਜਾਬ ਦਾ ਖੁਲਾਸਾ

**ਸ੍ਰੀ ਮੁਕਤਸਰ ਸਾਹਿਬ, 26 ਨਵੰਬਰ (ਮਨਪ੍ਰੀਤ ਮੋਨੂੰ)**- ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਸ: ਗੁਰਨਾਮ ਸਿੰਘ ਮੁੱਖ ਖੇਤੀਬਾੜੀ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਵੱਲੋਂ ਕਣਕ ਦੀ ਫ਼ਸਲ ਸਬੰਧੀ ਬਲਾਕ ਸ੍ਰੀ ਮੁਕਤਸਰ ਸਾਹਿਬ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵਲੋਂ ਪਿੰਡ ਬੁੱਢੀਮਾਲ ਵਿਖੇ ਜਿੱਥੇ ਕਿਸਾਨ ਗੁਰਭੇਜ ਸਿੰਘ ਦੀ ਕਣਕ ਦੀ ਫ਼ਸਲ ਉਪਰ ਗੁਲਾਬੀ ਸੁੰਡੀ ਦਾ ਹਮਲਾ ਪਾਇਆ ਗਿਆ ਦਾ ਸਰਵੇਖਣ ਕੀਤਾ। ਉਨ੍ਹਾਂ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਗਈ ਕਿ ਕਣਕ ਦੀ ਅਗੇਤੀ ਬਿਜਾਈ ਕਰਨ ਵਾਲੇ ਕਿਸਾਨ ਕਣਕ ਉਪਰ ਗੁਲਾਬੀ ਸੁੰਡੀ ਦੇ ਹਮਲੇ ਤੋਂ ਸੁਚੇਤ ਰਹਿਣ ਅਤੇ ਲਗਾਤਾਰ ਆਪਣੇ ਖੇਤਾਂ ਦਾ ਸਰਵੇਖਣ ਕਰਦੇ ਰਹਿਣ। ਕਿਉਂਕਿ ਤਾਪਮਾਨ ਜ਼ਿਆਦਾ ਹੋਣ ਕਾਰਨ ਅਤੇ ਨਾਲ ਦੇ ਖੇਤਾਂ ਵਿੱਚ ਬਾਸਮਤੀ ਦੀ ਕਟਾਈ ਲੇਟ ਹੋਣ ਕਾਰਨ ਕਈ ਵਾਰ ਗੁਲਾਬੀ ਸੁੰਡੀ ਦਾ ਹਮਲਾ ਅਗੇਤੀ ਬੀਜੀ ਗਈ ਕਣਕ ਦੀ ਫ਼ਸਲ ਤੇ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਖੇਤ ਵਿੱਚ ਕਣਕ ਉਪਰ ਗੁਲਾਬੀ ਸੁੰਡੀ ਦਾ ਹਮਲਾ ਹੁੰਦਾ ਹੈ ਤਾਂ ਪੀ.ਏ.ਯੂ. ਲੁਧਿਆਣਾ ਦੀਆਂ ਸ਼ਿਫਾਰਸ਼ਾਂ ਅਨੁਸਾਰ ਕਿਸਾਨਾਂ ਨੂੰ ਕੀਟਨਾਸ਼ਕ ਦਵਾਈ ਜਿਵੇਂ ਕਿ 50 ਮਿ.ਲੀ: ਪ੍ਰਤੀ ਏਕੜ ਕੋਰਾਜ਼ਨ 18.5 ਪ੍ਰਤੀਸ਼ਤ ਐਸ.ਸੀ. (ਕਲੋਰਐਂਟਰਾਨਿਲੀਪਰੋਲ) 80 ਤੋਂ 100 ਲੀਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰਨ ਦੀ ਸ਼ਿਫਾਰਸ਼ ਕੀਤੀ ਗਈ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਦੇ ਅਧਿਕਾਰੀ/ਕਰਮਚਾਰੀ ਆਉਣ ਵਾਲੇ ਦਿਨਾਂ ਵਿੱਚ ਫ਼ਸਲ ਦਾ ਨਿਰੰਤਰ ਨਿਰੀਖਣ ਕਰਦੇ ਰਹਿਣਗੇ। ਉਨ੍ਹਾਂ ਸਮੂਹ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਮਰਜ਼ੀ ਜਾਂ ਵੇਖਾ ਵੇਖੀ ਕਿਸੇ ਵੀ ਪੈਸਟੀਸਾਈਡ ਆਦਿ ਦਾ ਸਪਰੇਅ ਨਾ ਕਰਨ ਸਗੋਂ ਆਪਣੇ ਇਲਾਕੇ ਦੇ ਖੇਤੀਬਾੜੀ ਮਾਹਿਰ ਦੀ ਸਲਾਹ ਅਨੁਸਾਰ ਪੀ.ਏ.ਯੂ ਦੇ ਸ਼ਿਫਾਰਸ਼ ਕੀਤੇ ਜ਼ਹਿਰਾਂ ਦੀ ਹੀ ਵਰਤੋਂ ਕੀਤੀ ਜਾਵੇ।

ਇਸ ਤੋਂ ਇਲਾਵਾ ਜੇਕਰ ਕਿਸੇ ਕਿਸਾਨ ਨੂੰ ਕਿਸੇ ਤਰਾਂ ਦੀ ਕੋਈ ਮੁਸਕਿਲ ਪੇਸ਼ ਆਉਂਦੀ ਹੈ ਤਾਂ ਉਸ ਸਬੰਧੀ ਉਸ ਬਲਾਕ ਦੇ ਸਬੰਧਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਨ। ਇਸ ਮੌਕੇ ਸ੍ਰੀ ਜੋਬਨਦੀਪ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਅਤੇ ਸ੍ਰੀ ਜਸ਼ਨਪ੍ਰੀਤ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਤੋਂ ਇਲਾਵਾ ਹੋਰ ਕਿਸਾਨ ਵੀ ਹਾਜ਼ਰ ਸਨ।



# ਹਰਜੀਤ ਸਿੰਘ ਨੇ ਡੀ.ਆਈ.ਜੀ. ਬਠਿੰਡਾ ਰੇਂਜ ਦਾ ਅਹੁਦਾ ਸੰਭਾਲਿਆ

ਪੰਜਾਬ ਦਾ ਖੁਲਾਸਾ

**ਬਠਿੰਡਾ , 26 ਨਵੰਬਰ (ਰਾਮ ਸਿੰਘ ਕਲਿਆਣ)**- ਪੰਜਾਬ ਸਰਕਾਰ ਵੱਲੋਂ ਸੀਨੀਅਰ ਪੁਲਿਸ ਅਧਿਕਾਰੀਆਂ ਦੀਆਂ ਕੀਤੀਆਂ ਬਦਲੀਆਂ ਅਤੇ ਨਿਯੁਕਤੀਆਂ ਉਪਰੰਤ ਹਰਜੀਤ ਸਿੰਘ ਆਈਪੀਐਸ ਵੱਲੋਂ ਡੀਆਈਜੀ ਪੁਲਿਸ ਬਠਿੰਡਾ ਰੇਂਜ ਦਾ ਅਹੁਦਾ ਸੰਭਾਲ ਲਿਆ। ਇਸ ਮੌਕੇ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਬੁੱਕੇ ਭੇਂਟ ਕਰਕੇ ਨਵ ਨਿਯੁਕਤ ਡੀਆਈਜੀ ਦਾ ਸਵਾਗਤ ਕੀਤਾ ਗਿਆ ਤੇ ਪੁਲਿਸ ਦੀ ਟੁਕੜੀ ਵੱਲੋਂ ਸਲਾਮੀ ਦਿੱਤੀ ਗਈ।

# ਕੌਂਸਲਰ ਮਨਪ੍ਰੀਤ ਸਿੰਘ ਹੈਪੀ ਨੇ ਕੋਰ ਕਮੇਟੀ ਨੂੰ ਬਾਦਲ ਦਾ ਅਸਤੀਫਾ ਮੰਨਜੂਰ ਨਾ ਕਰਨ ਦੀ ਕੀਤੀ ਅਪੀਲ

ਪੰਜਾਬ ਦਾ ਖੁਲਾਸਾ



**ਬੱਸੀ ਪਠਾਣਾ, 26 ਨਵੰਬਰ (ਉਦੇ ਧੀਮਾਨ)**: ਸ਼੍ਰੋਮਣੀ ਅਕਾਲੀ ਦਲ ਵਾਰਡ ਨੰਬਰ 13 ਦੇ ਕੌਂਸਲਰ ਮਨਪ੍ਰੀਤ ਸਿੰਘ ਹੈਪੀ ਨੇ ਅਕਾਲੀ ਦਲ ਦੀ ਕੋਰ ਕਮੇਟੀ ਤੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਅਪੀਲ ਕੀਤੀ ਕਿ ਉਨ੍ਹਾਂ ਵੱਲੋਂ ਸ.ਸੁਖਬੀਰ ਸਿੰਘ ਬਾਦਲ ਦਾ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਮੰਨਜ਼ੂਰ ਨਾ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਬਾਦਲ ਪਰਿਵਾਰ ਅਕਾਲੀ ਦਲ ਦੀ ਰੀੜ ਦੀ ਹੱਡੀ ਰਿਹਾ ਹੈ ਅਤੇ ਮਹਰੂਮ ਸ.ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਵਿੱਚ ਅਕਾਲੀ ਦਲ ਦੀ ਮਜ਼ਬੂਤੀ ਲਈ ਪੂਰੀ ਜਿੰਦਗੀ ਲਗਾ ਦਿੱਤੀ ਸੀ।ਜਿਸ ਦੇ ਬਦਲੇ ਅਕਾਲੀ ਦਲ ਪੰਜਾਬ ਵਿੱਚ ਇੱਕ ਖੇਤਰੀ ਪਾਰਟੀ ਵਜੋਂ ਉਭਰ ਕੇ ਸਾਹਮਣੇ ਆਈ ਸੀ ਅਤੇ ਅਕਾਲੀ ਦਲ ਦੀ ਸਰਕਾਰ ਸਮੇਂ ਸੂਬੇ ਦਾ ਰਿਕਾਰਡਤੋੜ ਵਿਕਾਸ ਹੋਇਆ ਹੈ। ਇਸ ਲਈ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦਾ ਪ੍ਰਧਾਨ ਬਣਾਈ ਰੱਖਣਾ ਅਤਿ ਜਰੂਰੀ ਹੈ।ਉਨ੍ਹਾਂ ਨੇ ਕਿਹਾ ਕਿ ਅੱਜ ਸ. ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਖਿਲਾਫ ਵੱਡੀਆਂ ਸਿਆਸੀ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ।ਜਿਨ੍ਹਾਂ ਦਾ ਡੱਟ ਕੇ ਮੁਕਾਬਲਾ ਕਰਨਾ ਹਰ ਅਕਾਲੀ ਆਗੂ ਤੇ ਵਰਕਰ ਦਾ ਮੁਢਲਾ ਫਰਜ ਬਣਦਾ ਹੈ।

# ਸੰਵਿਧਾਨ ਬਚਾਓ ਰਾਸ਼ਟਰੀ ਰੈਲੀ 'ਚ ਮਲੋਟ ਤੋਂ ਕਾਂਗਰਸ ਵਰਕਰਾਂ ਨੇ ਲਿਆ ਹਿੱਸਾ

## ਵਾਇਸ ਚੇਅਰਮੈਨ ਪੰਜਾਬ ਪ੍ਰੋ ਰੁਬੀ ਦੀ ਅਗਵਾਈ 'ਚ ਹੋਏ ਦਿੱਲੀ ਰਵਾਨਾ

ਪੰਜਾਬ ਦਾ ਖੁਲਾਸਾ




**ਮਲੋਟ, 26 ਨਵੰਬਰ (ਕ੍ਰਿਸ਼ਨ ਮਦਾਨ/ ਅਮਰਨਾਥ ਸੋਨੀ)**- ਆਲ ਇੰਡਿਆ ਕਾਂਗਰਸ ਵੱਲੋਂ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਖੇ 26 ਨਵੰਬਰ ਨੂੰ ਸੰਵਿਧਾਨ ਰੱਖਿਅਕ ਮੁਹਿੰਮ ਦੇ ਤਹਿਤ ਰਾਸ਼ਟਰ ਪੱਧਰੀ ਰੈਲੀ ਆਯੋਜਿਤ ਕੀਤੀ ਗਈ। ਜਿਸ ਵਿਚ ਹਿਸਾ ਲੈਣ ਲਈ ਐਸ ਸੀ ਵਿੰਗ ਪੰਜਾਬ ਦੇ ਵਾਇਸ ਚੇਅਰਮੈਨ ਪ੍ਰੋ ਰੁਪਿੰਦਰ ਕੌਰ ਰੁਬੀ ਦੀ ਅਗਵਾਈ ਵਿਚ ਹਲਕਾ ਮਲੋਟ ਤੋਂ ਕਾਂਗਰਸ ਦੇ ਜੁਝਾਰੂ ਵਰਕਰ ਦਿੱਲੀ ਲਈ ਰਵਾਨਾ ਹੋਏ।

ਇਸ ਰਾਸ਼ਟਰ ਪੱਧਰੀ ਰੈਲੀ ਨੂੰ ਲੋਕਸਭਾ ਦੇ ਵਿਰੋਧੀ ਧਿਰ ਦੇ ਨੇਤਾ ਸ਼੍ਰੀ ਰਾਹੁਲ ਗਾਂਧੀ ਜੀ, ਆਲ ਇੰਡਿਆ ਕਾਂਗਰਸ ਦੇ ਪ੍ਰਧਾਨ ਮਲਿਕਅਰਜੂਨ ਖੜਗੇ, ਐਸ ਸੀ ਐਸ ਟੀ ਰਾਸ਼ਟਰੀ ਪ੍ਰਧਾਨ ਕੇ.ਰਾਜੂ, ਐਸ ਸੀ ਵਿੰਗ ਰਾਸ਼ਟਰੀ ਚੇਅਰਮੈਨ ਰਾਜੇਸ਼ ਲਿਲੋਥੀਆ ਤੇ ਸੂਬਾ ਚੇਅਰਮੈਨ ਕੁਲਦੀਪ ਵੈਦ ਨੇ ਦੇਸ਼ ਦੇ ਸੰਵਿਧਾਨ ਨੂੰ ਭਾਜਪਾ ਦੀਆਂ ਨੀਤੀਆਂ ਤੋਂ ਬਚਾਉਣ ਤੇ ਲੋਕਾਂ ਨੂੰ ਜਾਗ ਲਾਉਣ ਲਈ ਵਰਕਰਾਂ ਨੂੰ ਉਤਸਾਹਿਤ ਕੀਤਾ। ਮਲੋਟ ਹਲਕਾ ਇੰਚਾਰਜ ਤੇ ਵਾਇਸ ਚੇਅਰਮੈਨ ਪੰਜਾਬ ਪ੍ਰੋ ਰੁਪਿੰਦਰ ਕੌਰ ਰੁਬੀ ਨੇ ਕਿਹਾ ਕਿ ਸੱਤਾਧਾਰੀ ਕੇਂਦਰ ਸਰਕਾਰ ਆਪਣੇ ਖ਼ਿਲਾਫ਼ ਉੱਠ ਰਹੀ ਆਵਾਜ਼ ਦਬਾ ਕੇ ਲੋਕਤੰਤਰ ਦੇ ਚੌਥੇ ਥੰਮ ਦੀ ਆਜ਼ਾਦੀ ਨੂੰ ਖਤਰੇ ਵਿੱਚ ਪਾ ਰਹੀ ਹੈ। ਇਸ ਦੇ ਨਾਲ ਹੀ, ਵਿਰੋਧੀ ਪਾਰਟੀਆਂ ਨੂੰ ਸੰਸਦ ਵਿਚ ਰਾਸ਼ਟਰੀ ਮੁੱਦਿਆਂ ਨੂੰ ਉਠਾਉਣ ਤੋਂ ਰੋਕ ਕੇ, ਜੋ ਕਿ ਜਨਤਕ ਮੁੱਦਿਆਂ ਅਤੇ ਰਾਸ਼ਟਰੀ ਨੀਤੀ 'ਤੇ ਚਰਚਾ ਅਤੇ ਬਹਿਸ ਦਾ ਸਰਵਉੱਚ ਮੰਚ ਹੈ, ਆਪਣੇ ਕੋਝੇ ਮਨਸੂਬਿਆਂ ਨੂੰ ਪੂਰਾ ਕਰਨ ਲਈ ਲੋਕਤੰਤਰ ਦੇ ਮੰਦਰ ਦਾ ਨਿਰਾਦਰ ਕਰ ਰਹੀ ਹੈ। ਉਹਨਾਂ ਕਿਹਾ ਕਿ "ਕੇਂਦਰ ਸਰਕਾਰ ਧੋਖੇਬਾਜ਼ਾਂ ਨਾਲ ਮਿਲ ਕੇ ਦੇਸ਼ ਦੇ ਨਾਗਰਿਕਾਂ ਨੂੰ ਧੋਖਾ ਦੇ ਰਹੀ ਹੈ, ਜੋ ਕਿ ਅਡਾਨੀ ਵਿਰੁੱਧ ਕਾਰਵਾਈ ਕਰਨ ਵਿੱਚ ਜਾਣਬੁੱਝ ਕੇ ਕੀਤੀ ਜਾ ਰਹੀ ਅਣਗਹਿਲੀ ਤੋਂ ਸਪੱਸ਼ਟ ਹੈ। ਅਯੋਗ ਸੱਤਾਧਾਰੀ ਸਰਕਾਰ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਵਿੱਚ ਅਸਫ਼ਲ ਰਹੀ ਹੈ। ਇਸ ਵਿੱਚ ਬੇਰੁਜ਼ਗਾਰੀ, ਭੁੱਖਮਰੀ , ਪ੍ਰੈਸ ਦੀ ਆਜ਼ਾਦੀ, ਭਾਰਤੀ ਰੁਪਏ ਦੀ ਗਿਰਾਵਟ, LPG ਦੀਆਂ ਵਧਦੀਆਂ ਕੀਮਤਾਂ, ਫਿਰਕੂ ਅਸ਼ਾਂਤੀ, ਭਾਰਤੀ ਖੇਤਰ 'ਤੇ ਚੀਨ ਦਾ ਨਾਜਾਇਜ਼ ਕਬਜ਼ਾ, ਨੋਟਬੰਦੀ, ਅਡਾਨੀ ਦੀ ਧੋਖਾਧੜੀ ਜਾਂ ਹਿੰਡਨਬਰਗ ਖੋਜ ਰਿਪੋਰਟ ਹੈ ਪਰ ਜੇਕਰ ਕੋਈ ਇਨ੍ਹਾਂ ਵਿਰੁੱਧ ਉਂਗਲ ਉਠਾਉਂਦਾ ਹੈ ਤਾਂ ਸਰਕਾਰ ਆਵਾਜ਼ ਦਬਾਉਣ ਲਈ ਆਪਣੀ ਪੂਰੀ ਤਾਕਤ ਲਗਾ ਦਿੰਦੀ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਜ਼ਾਲਮ ਸ਼ਾਸਕਾਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰੀਏ ਅਤੇ ਦੇਸ਼ ਦੇ ਹਰੇਕ ਨਾਗਰਿਕ ਦੇ ਅਧਿਕਾਰਾਂ ਲਈ ਲੋਕਤੰਤਰ ਦੀ ਰਾਖੀ ਕਰੀਏ। ਇਸ ਮੌਕੇ ਸੀਨੀਅਰ ਕਾਂਗਰਸ ਨੇਤਾ ਅਸ਼ਵਨੀ ਖੇੜਾ , ਜਗਦੀਸ ਖੇੜਾ, ਪੀਪੀਸੀਸੀ ਮੈਂਬਰ ਐਡਵੋਕੇਟ ਜਸਪਾਲ ਔਲਖ, ਘਨਸ਼ਾਮ ਪੰਜਕੋਸੀ, ਰੇਸ਼ਮ ਇੰਨਾ ਖੇੜਾ, ਯੂਥ ਨੇਤਾ ਪਿੰਦਰ ਬਰਾੜ ਸੇਖੂ, ਗੁਰਵਿੰਦਰ ਬਰਾੜ ਲਖਮੀਰੇਆਣਾ, ਸੁਖਪਾਲ ਸਿੰਘ ਤੋਂ ਇਲਾਵਾ ਕਾਂਗਰਸ ਵਰਕਰ ਹਾਜ਼ਰ ਸਨ ।



# ਅਬੋਹਰ ਸ਼ਹਿਰ ਵਿੱਚ ਦਿਨੋਂ-ਦਿਨ ਵਿਗੜਦੀ ਜਾ ਰਹੀ ਅਮਨ-ਸ਼ਾਂਤੀ 'ਤੇ ਕਾਨੂੰਨੀ ਵਿਵਸਥਾ ਨੂੰ ਲੈ ਕੇ ਐਸਡੀਐਮ ਸਾਹਿਬ ਨੂੰ ਦਿੱਤਾ ਮੰਗ ਪੱਤਰ- ਸੁਧੀਰ ਭਾਦੂ

ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 26 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਅੱਜ ਅਬੋਹਰ ਸ਼ਹਿਰ ਵਿੱਚ ਦਿਨੋਂ-ਦਿਨ ਵਿਗੜਦੀ ਜਾ ਰਹੀ ਅਮਨ-ਸ਼ਾਂਤੀ 'ਤੇ ਕਾਨੂੰਨੀ ਵਿਵਸਥਾ ਨੂੰ ਨੂੰ ਗੰਭੀਰਤਾ ਨਾਲ ਦੇਖਣ ਦੀ ਲੋੜ੍ਹ ਹੈ। ਇਸ ਮੌਕੇ ਰੋਸ਼ ਪ੍ਰਦਰਸ਼ਨ ਕਰਦੇ ਹੋਏ ਸੁਧੀਰ ਭਾਦੂ ਕੋਆਰਡੀਨੇਟਰ ਅਬੋਹਰ ਨੇ ਐਸ.ਡੀ.ਐਮ ਕ੍ਰਿਸ਼ਨ ਪਾਲ ਰਾਜਪੂਤ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ 'ਤੇ ਸੁਧੀਰ ਭਾਦੂ ਕੋਆਰਡੀਨੇਟਰ ਅਬੋਹਰ, ਸੁਭਾਸ਼ ਬਾਘਲਾ ਬਲਾਕ ਪ੍ਰਧਾਨ ਅਤੇ ਹੋਰ ਕਾਂਗਰਸ ਪਾਰਟੀ ਵਰਕਰ ਮੌਜੂਦ ਰਹੇ।

# ਮੈਡੀਕਲ ਪੈਕਟੀਸ਼ਨਰਜ਼ ਐਸੋਸੀਏਸ਼ਨ ਦੀ ਸਿਹਤ ਮੰਤਰੀ ਡਾ.ਬਲਵੀਰ ਸਿੰਘ ਨਾਲ ਹੋਈ ਪੈਨਲ ਮੀਟਿੰਗ

## ਜਲਦੀ ਸ਼ਾਰਟ ਟਰਮ ਕੋਰਸ ਸ਼ੁਰੂ ਕਰਨ ਦਾ ਦਵਾਇਆ ਭਰੋਸਾ

ਪੰਜਾਬ ਦਾ ਖੁਲਾਸਾ



**ਪੰਨੀਵਾਲਾ ਫੱਤਾ, 26 ਨਵੰਬਰ (ਬਲਕਰਨ ਜਟਾਣਾ)**- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਮੁੱਖ ਦਫਤਰ ਬਠਿੰਡਾ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹਨਾਂ ਦੀ ਅਗਵਾਈ ਹੇਠ ਮਾਨਯੋਗ ਸਿਹਤ ਮੰਤਰੀ ਪੰਜਾਬ ਡਾ.ਬਲਵੀਰ ਸਿੰਘ ਨਾਲ ਚੰਡੀਗੜ੍ਹ ਵਿਖੇ ਇੱਕ ਪੈਨਲ ਮੀਟਿੰਗ ਹੋਈ । ਮੀਟਿੰਗ ਬਹੁਤ ਹੀ ਸੁਖਾਵੇਂ ਅਤੇ ਖੁਸ਼ਗਵਾਰ ਮਾਹੌਲ 'ਚ ਹੋਈ।ਮੈਡੀਕਲ ਪ੍ਰੈਕਟੀਸ਼ਨਰਾਂ ਦੀ ਕਾਨੂੰਨੀ ਮਾਨਤਾ ਸਬੰਧੀ ਲਟਕਦੀ ਚਿਰੋਕਣੀ ਮੰਗ ਬਾਰੇ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਹੋਈ ਇਸ ਪੈਨਲ ਮੀਟਿੰਗ'ਚ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਡਾ. ਹਤਿੰਦਰ ਕੌਰ , ਸਿਹਤ ਸਕੱਤਰ ਪੰਜਾਬ ਮਾਨਯੋਗ ਕੁਮਾਰ ਰਾਹੁਲ, ਡਾਇਰੈਕਟਰ ਆਯੁਰਵੈਦਾ ਡਾ. ਰਵੀ ਕੁਮਾਰ , ਡਿਪਟੀ ਡਾਇਰੈਕਟਰ ਡਾ. ਗਗਨਦੀਪ ਸਿੰਘ ਗਰੋਵਰ ਅਤੇ ਸਿਹਤ ਵਿਭਾਗ ਨਾਲ ਸਬੰਧਤ ਵੱਖ ਵੱਖ ਵਿਭਾਗਾਂ ਦੇ ਮੁਖੀ ਸਹਿਬਾਨ ਵੀ ਮੌਜੂਦ ਰਹੇ।

ਐਸੋਸੀਏਸ਼ਨ ਦੀਆਂ ਮੰਗਾਂ ਸਬੰਧੀ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ , ਸੂਬਾ ਸਕੱਤਰ ਗੁਰਮੇਲ ਸਿੰਘ ਮਾਛੀਕੇ, ਚੇਅਰਮੈਨ ਐਚ ਐਸ ਰਾਣੂ, ਲੀਗਲ ਅਡਵਾਈਜ਼ਰ ਜਸਵਿੰਦਰ ਸਿੰਘ ਭੋਗਲ, ਵਾਇਸ ਪ੍ਰਧਾਨ ਦਿਲਦਾਰ ਸਿੰਘ ਚਾਹਲ, ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਕਸ਼ਮੀਰ ਸਿੰਘ ਢਿੱਲੋਂ ਨੇ ਮੰਗਾਂ ਸਬੰਧੀ ਮੰਤਰੀ ਸਾਹਿਬ ਤੇ ਅਧਿਕਾਰੀਆਂ ਨਾਲ ਵਿਸਥਾਰ ਪੂਰਵਕ ਚਰਚਾ ਕਰਦਿਆਂ ਦੱਸਿਆ ਕਿ ਮਸਲਾ ਸੂਬੇ ਦੇ ਲੱਖ ਤੋਂ ਜ਼ਿਆਦਾ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਰੁਜ਼ਗਾਰ ਅਤੇ ਸ਼ਹਿਰੀ ਸਲੱਮ ਬਸਤੀਆਂ ਅਤੇ ਪੇਂਡੂ ਖੇਤਰ ਵਿੱਚ ਵਸਦੇ ਲੋੜਵੰਦ ਲੋਕਾਂ ਦੀਆਂ ਸਿਹਤ ਸੇਵਾਵਾਂ ਨਾਲ ਵੀ ਜੁੜਿਆ ਹੋਇਆ ਹੈ। ਸਿਹਤ ਮੰਤਰੀ ਮਾਨਯੋਗ ਡਾ.ਬਲਵੀਰ ਸਿੰਘ ਵੱਲੋਂ ਮੈਡੀਕਲ ਪੈ ?ਕਟੀਸ਼ਨਰਾਂ ਦੇ ਸਿਹਤ ਸੇਵਾਵਾਂ ਦੇ ਖੇਤਰ 'ਚ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਸਬੰਧਤ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਜਲਦੀ ਸਿਹਤ ਵਿਭਾਗ ਵੱਲੋਂ ਸਾਰਟ ਟਰਮ ਕੋਰਸ ਸ਼ੁਰੂ ਕਰਨ ਦਾ ਭਰੋਸਾ ਦਵਾਉਦਿਆਂ ਅਧਿਕਾਰੀਆਂ ਨੂੰ ਜਲਦੀ ਕਲਾਸਾ ਸ਼ੁਰੂ ਕਰਵਾਉਣ ਦੀ ਮੌਕੇ 'ਤੇ ਹੀ ਹਦਾਇਤ ਕੀਤੀ। ਉਹਨਾਂ ਨਸ਼ਿਆਂ ਅਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਅਲਾਮਤਾਂ ਨੂੰ ਖਤਮ ਕਰਨ ਲਈ ਸਹਿਯੋਗ ਦੀ ਮੰਗ ਵੀ ਆਗੂਆਂ ਕੋਲੋਂ ਕੀਤੀ।ਇਸ ਸਮੇਂ ਜ਼ਿਲ੍ਹਾ ਮੋਹਾਲੀ ਦੇ ਪ੍ਰਧਾਨ ਬਲਵੀਰ ਸਿੰਘ ਅਤੇ ਵਿੱਤ ਸਕੱਤਰ ਸੁਖਬੀਰ ਸਿੰਘ ਵੀ ਮੌਜੂਦ ਸਨ । ਮੀਟਿੰਗ ਦੇ ਅਖੀਰ 'ਚ ਆਗੂਆਂ ਵੱਲੋਂ ਮਾਨਯੋਗ ਸਿਹਤ ਮੰਤਰੀ ਅਤੇ ਸਿਹਤ ਅਧਿਕਾਰੀਆਂ ਦਾ ਜਥੇਬੰਦੀ ਦੀ ਚਿਰੋਕਣੀ ਮੰਗ 'ਤੇ ਹਮਦਰਦੀ ਨਾਲ ਵਿਚਾਰ ਕਰਨ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਪੰਨੀ ਵਾਲਾ ਫੱਤਾ ਦੇ ਪ੍ਰਧਾਨ ਡਾਕਟਰ ਮਹਿੰਦਰ ਸਿੰਘ ਮੌਜੂਦ ਸਨ ਅਤੇ ਉਨ੍ਹਾਂ ਨੇ ਇਹ ਜਾਣਕਾਰੀ ਮਲੋਟ, ਪੰਨੀ ਵਾਲਾ ਦੇ ਪੱਤਰਕਾਰਾਂ ਨੂੰ ਦਿੱਤੀ।

# ਦਿਲਚਸਪ ਮੁਕਾਬਲੇ ਵਿੱਚ ਆਈ.ਟੀ.ਬੀ.ਪੀ. ਸੀਆਰਪੀਐਫ ਦੀ ਟੀਮ ਨੂੰ ਹਰਾ ਕੇ ਫੁੱਟਬਾਲ ਟੂਰਨਾਮੈਂਟ ਜਿੱਤਿਆ

ਪੰਜਾਬ ਦਾ ਖੁਲਾਸਾ



**ਫਗਵਾੜਾ, 26 ਨਵੰਬਰ (ਪ੍ਰੀਤ ਕੌਰ ਪ੍ਰੀਤੀ)** ਫਗਵਾੜਾ ਫੁੱਟਬਾਲ ਅਕੈਡਮੀ ਵੱਲੋਂ ਅਕਾਲ ਸਟੇਡੀਅਮ ਫਗਵਾੜਾ ਵਿਖੇ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਦੇ ਫਾਈਨਲ ਮੈਚ ਵਿੱਚ ਆਈ.ਟੀ.ਬੀ.ਪੀ ਲੁਧਿਆਣਾ ਅਤੇ ਸੀ.ਆਰ.ਪੀ.ਐਫ ਜਲੰਧਰ ਵਿਚਕਾਰ ਰੋਮਾਂਚਕ ਮੁਕਾਬਲਾ ਦੇਖਣ ਨੂੰ ਮਿਲਿਆ। 90 ਮਿੰਟ ਦੇ ਨਿਰਧਾਰਤ ਸਮੇਂ ਵਿੱਚ ਕੋਈ ਗੋਲ ਨਹੀਂ ਹੋ ਸਕਿਆ। ਜਿਸ ਤੋਂ ਬਾਅਦ ਪੰਦਰਾਂ ਮਿੰਟ ਦਾ ਵਾਧੂ ਸਮਾਂ ਦਿੱਤਾ ਗਿਆ। ਆਈ.ਟੀ.ਬੀ.ਪੀ ਦੀ ਟੀਮ ਨੇ ਸੀਆਰਪੀਐਫ ਖ਼ਿਲਾਫ਼ ਗੋਲ ਕੀਤਾ ਪਰ ਦੂਜੇ ਪੰਦਰਾਂ ਮਿੰਟਾਂ ਵਿੱਚ ਕੋਈ ਗੋਲ ਨਹੀਂ ਹੋ ਸਕਿਆ ਅਤੇ ਆਈਟੀਬੀਪੀ ਨੂੰ ਜੇਤੂ ਐਲਾਨ ਦਿੱਤਾ ਗਿਆ। ਸੀਆਰਪੀਐਫ ਦੀ ਟੀਮ ਇੱਕ ਜ਼ੀਰੋ ਨਾਲ ਮੈਚ ਹਾਰ ਗਈ। ਟੂਰਨਾਮੈਂਟ ਦੇ ਪ੍ਰਬੰਧਕ ਤ੍ਰਿਲੋਚਨ ਸਿੰਘ ਨੇ ਦੱਸਿਆ ਕਿ ਫਗਵਾੜਾ ਫੁੱਟਬਾਲ ਅਕੈਡਮੀ ਦੀ ਸਥਾਪਨਾ ਕਰੀਬ 25 ਸਾਲ ਪਹਿਲਾਂ ਹੋਈ ਸੀ, ਇਹ ਟੂਰਨਾਮੈਂਟ ਫਗਵਾੜਾ ਫੁੱਟਬਾਲ ਅਕੈਡਮੀ ਵੱਲੋਂ 23ਵੇਂ ਚਰਨਜੀਤ ਸਿੰਘ ਦੀ ਯਾਦ 'ਚ ਕਰਵਾਇਆ ਜਾਣ ਵਾਲਾ ਦਸਵਾਂ ਟੂਰਨਾਮੈਂਟ ਹੈ ? ਪਹਿਲੀ ਟੀਮ ਨੂੰ 1 ਲੱਖ ਰੁਪਏ ਅਤੇ ਉਪ ਜੇਤੂ ਟੀਮ ਨੂੰ 50 ਹਜ਼ਾਰ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ।

## ਜੇਤੂ ਟੀਮ ਨੂੰ ਇਨਾਮ ਦੇਣ ਲਈ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਪਹੁੰਚੇ

ਇਸ ਦੌਰਾਨ ਮੁੱਖ ਮਹਿਮਾਨ ਵਜੋਂ ਪੁੱਜੇ ਹਲਕਾ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਅਤੇ ਦੋਵਾਂ ਟੀਮਾਂ ਨੂੰ ਟਰਾਫ਼ੀਆਂ ਭੇਂਟ ਕੀਤੀਆਂ ? ਇਸ ਮੌਕੇ ਸੁਨੀਲ ਕੁਮਾਰ ਆਈ.ਆਰ.ਐਸ ਅਤੇ ਪ੍ਰਸਿੱਧ ਅਧਿਆਪਕ ਪੀ.ਆਰ.ਸੋਂਧੀ ਸਾਬਕਾ ਕੁਸ਼ਤੀ ਕੋਚ ਬੀ.ਐਸ. ਬਾਗਲਾ ਪ੍ਰਧਾਨ ਫਗਵਾੜਾ ਫੁਟਬਾਲ ਅਕੈਡਮੀ, ਰਜਿੰਦਰ ਸਿੰਘ ਪੰਜਾਬ ਪੁਲੀਸ, ਵਰੁਣ ਸ਼ਿੰਗਾਰੀ, ਗੁਰਦੀਪ ਸੈਣੀ, ਨੀਰਜ ਭੱਲਾ, ਸਨਫਲਾਵਰ ਸਕੂਲ ਦੇ ਪ੍ਰਿੰਸੀਪਲ ਰੋਬਿਨ ਸਿੰਘ, ਹਰਕ੍ਰਿਪਾਲ ਸਿੰਘ ਬਾਜਵਾ, ਐਚ.ਸੀ. ਭਨੋਟ, ਗਿਆਨਚੰਦ, ਰਾਮ ਪ੍ਰਕਾਸ਼, ਸਰਬਜੀਤ, ਅਜੇ ਕੁਮਾਰ ਜੰਜੂਆ, ਅਵਤਾਰ ਸਿੰਘ ਕੈਲੇ, ਪ੍ਰਿੰਸੀਪਲ ਜਸਵੀਰ ਸਿੰਘ, ਨਰਿੰਦਰ ਸਿੰਘ ਗੋਲਡੀ, ਇੰਸਪੈਕਟਰ ਸੁਰਿੰਦਰ ਸਿੰਘ ਪਰਮਾਰ, ਪ੍ਰਿੰਸੀਪਲ ਜੁਗਲ ਕਿਸ਼ੋਰ, ਕਿਸ਼ੋਰ ਚਾਹਲ, ਸੇਵਾਮੁਕਤ ਡੀ.ਐਸ.ਪੀ ਅਜੀਤ ਸਿੰਘ, ਮਨਜੀਤ ਸਿੰਘ, ਰੂਪ ਲਾਲ, ਜੱਸੀ ਵਿੱਕੀ, ਅਰੁਣ ਧੀਰ, ਬੰਟੀ ਵਾਲੀਆ, ਡਾ: ਰਮਨ ਸ਼ਰਮਾ, ਸੰਜੀਵ ਸ਼ਰਮਾ, ਸੋਹਣ ਸਿੰਘ, ਰਾਮਕੁਮਾਰ, ਦੀਪਾ ਸੈਣੀ, ਸੁਰਜੀਤ ਸਿੰਘ ਪੰਜਾਬ ਪੁਲਿਸ ਲੰਬੜ, ਡਾ. ਰਿਸ਼ੀ, ਪੂਜਾ ਕੁਮਾਰੀ, ਦਮਨ, ਹਰਜਿੰਦਰ ਸਿੰਘ, ਕਸ਼ਮੀਰਾ ਸਿੰਘ ਆਦਿ ਹਾਜ਼ਰ ਸਨ।

## ਸੀ-ਪਾਈਟ ਕੈਂਪ ਕਾਲਝਰਾਣੀ (ਬਠਿੰਡਾ) ਵਿਖੇ ਮੁਫਤ ਸਕਿਉਰਟੀ ਗਾਰਡ ਟ੍ਰੇਨਿੰਗ ਕੋਰਸ ਦੀ ਸ਼ੁਰੂਆਤ

ਪੰਜਾਬ ਦਾ ਖੁਲਾਸਾ

**ਸ੍ਰੀ ਮੁਕਤਸਰ ਸਾਹਿਬ, 26 ਨਵੰਬਰ (ਮਨਪ੍ਰੀਤ ਮੋਨੂੰ)**:- ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਜ਼ਿਲ੍ਹਾ ਬਠਿੰਡਾ (ਬਠਿੰਡਾ ਬਾਦਲ ਲੰਬੀ ਰੋਡ) ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ ਸਕਿਉਰਟੀ ਟ੍ਰੇਨਿੰਗ ਕੋਰਸ ਕਰਵਾਉਣ ਲਈ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਜਾ ਰਹੀ ਹੈ, ਇਹ ਜਾਣਕਾਰੀ ਕੈਂਪ ਕਾਲਝਰਾਣੀ ਦੇ ਟ੍ਰੇਨਿੰਗ ਅਧਿਕਾਰੀ, ਕੈਪਟਨ ਲਖਵਿੰਦਰ ਸਿੰਘ ਦਿੱਤੀ।

ਉਨ੍ਹਾਂ ਦੱਸਿਆ ਕਿ ਇਹ ਟ੍ਰੇਨਿੰਗ ਕੋਰਸ ਮਿਤੀ 01 ਦਸੰਬਰ 2024 ਤੋਂ 08 ਫਰਵਰੀ 2025 ਤੱਕ ਸੀ-ਪਾਈਟ ਕੈਂਪ, ਕਾਲਝਰਾਣੀ ਵਿਖੇ ਚਲਾਇਆ ਜਾਵੇਗਾ। ਇਹ ਟ੍ਰੇਨਿੰਗ ਕੋਰਸ ਕਰਨ ਲਈ ਉਮੀਦਵਾਰ ਨੇ 10ਵੀਂ, 12ਵੀਂ ਜਮਾਤ ਜਾਂ ਉੱਚ ਯੋਗਤਾ ਪਾਸ ਕੀਤੀ ਹੋਣੀ ਚਾਹੀਦੀ ਹੈ ਅਤੇ ਉਮਰ ਸੀਮਾਂ 18 ਤੋਂ 25 ਸਾਲ ਹੋਣੀ ਚਾਹੀਦੀ ਹੈ। ਇਸ ਕੋਰਸ ਦੀਆਂ 30 ਸੀਟਾਂ ਹਨ, ਯੁਵਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣੀ ਰਜਿਸਟ੍ਰੇਸ਼ਨ ਪਹਿਲ ਦੇ ਆਧਾਰ 'ਤੇ ਕਰਵਾਉਣ। ਸਕਿਉਰਟੀ ਗਾਰਡ ਟ੍ਰੇਨਿੰਗ ਦਾ ਕੋਰਸ ਪੂਰਾ ਕਰਨ ਵਾਲੇ ਯੁਵਕਾਂ ਨੂੰ ਪੰਜਾਬ ਸਰਕਾਰ ਵੱਲੋਂ ਸਰਟੀਫਿਕੇਟ ਵੀ ਦਿੱਤਾ ਜਾਵੇਗਾ ਜੋ ਕਿ ਸਰਕਾਰੀ ਸੰਸਥਾ, ਅਰਧ-ਸਰਕਾਰੀ ਸੰਸਥਾ, ਵੱਡੀਆਂ ਇੰਡਸਟਰੀਜ਼ ਵਿੱਚ ਨੌਕਰੀ ਲੈਣ ਵਾਸਤੇ ਵੈਲਿਡ ਮੰਨਿਆ ਜਾਵੇਗਾ।

ਕੋਰਸ ਪੂਰਾ ਹੋਣ ਉਪਰੰਤ ਵੱਖ-ਵੱਖ ਸਕਿਉਰਟੀ ਏਜੰਸੀਆਂ ਵੱਲੋਂ ਕੈਂਪ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾਵੇਗਾ। ਇਸ ਕੋਰਸ ਦੌਰਾਨ ਯੁਵਕਾਂ ਦੇ ਰਿਹਾਇਸ਼, ਖਾਣ-ਪੀਣ ਦਾ ਖਰਚ ਪੰਜਾਬ ਸਰਕਾਰ ਦਾ ਹੋਵੇਗਾ। ਬੇਰੁਜ਼ਗਾਰ ਯੁਵਕਾਂ ਲਈ ਇਹ ਬਹੁਤ ਵੀ ਵਧੀਆ ਅਤੇ ਮਹੱਤਵਪੂਰਨ ਕੋਰਸ ਹੈ, ਯੁਵਕ ਪੰਜਾਬ ਸਰਕਾਰ ਦੇ ਇਸ ਉਪਰਾਲੇ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ । ਪੰਜਾਬ ਰਾਜ ਦੇ ਵਸਨੀਕ ਸਕਿਉਰਟੀ ਗਾਰਡ ਟ੍ਰੇਨਿੰਗ ਕੋਰਸ ਕਰਨ ਦੇ ਚਾਹਵਾਨ ਯੁਵਕ ਮਿਤੀ 27, ਨਵੰਬਰ 2024 ਤੋਂ ਕਿਸੇ ਵੀ ਦਿਨ ਸਵੇਰੇ 09:00 ਵਜੇ ਸੀ-ਪਾਈਟ ਕੈਂਪ, ਪਿੰਡ ਕਾਲਝਰਾਣੀ ਜਿਲ੍ਹਾ ਬਠਿੰਡਾ ਵਿਖੇ ਦਸਵੀ, ਬਾਰਵੀ, ਉੱਚ ਯੋਗਤਾ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਅਧਾਰ ਕਾਰਡ ਦੀ ਫੋਟੋ ਕਾਪੀ ਅਤੇ 02 ਤਾਜਾ ਪਾਸਪੋਰਟ ਸਾਈਜ ਫੋਟੋ ਆਦਿ ਦਸਤਾਵੇਜ਼ ਸਮੇਤ ਨਿੱਜੀ ਤੌਰ 'ਤੇ ਪਹੁੰਚ ਕੇ ਰਜ਼ਿਸਟ੍ਰੇਸ਼ਨ ਕਰਵਾ ਸਕਦੇ ਹਨ ਅਤੇ ਵਧੇਰੇ ਜਾਣਕਾਰੀ ਲਈ 93167-13000, 94638-31615 ਤੇ ਸੰਪਰਕ ਕੀਤਾ ਜਾ ਸਕਦਾ ਹੈ ।

## ਮਹਾਰਾਸ਼ਟਰ ਦੇ ਪੰਡਰਪੁਰ ਤੋਂ ਭਗਤ ਨਾਮਦੇਵ ਜੀ ਜਨਮ ਦਿਹਾੜੇ ਤੇ ਸ਼ੁਰੂ ਹੋਈ ਸਾਈਕਲ ਯਾਤਰਾ ਦਾ ਲੁਧਿਆਣਾ ਪਹੁੰਚਣ 'ਤੇ ਭਾਰੀ ਸਵਾਗਤ ਕੀਤਾ ਜਾਵੇਗਾ-ਟਿੱਕਾ, ਗਰਚਾ

ਪੰਜਾਬ ਦਾ ਖੁਲਾਸਾ

**ਲੁਧਿਆਣਾ, 26 ਦਸੰਬਰ (ਮਨਪ੍ਰੀਤ ਮੋਨੂੰ)** ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਲੁਧਿਆਣਾ ਦੇ ਟਰੱਸਟੀ ਅਮਰਜੀਤ ਸਿੰਘ ਟਿੱਕਾ ਅਤੇ ਬਾਬਾ ਨਾਮਦੇਵ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਸੁਖਵਿੰਦਰਪਾਲ ਸਿੰਘ ਗਰਚਾ ਨੇ ਦੱਸਿਆ ਕਿ ਭਗਤੀ ਲਹਿਰ ਪ੍ਰਚੰਡ ਕਰਨ ਵਾਲੇ ਮਹਾਨ ਸੰਤ ਸ਼੍ਰੋਮਣੀ ਭਗਤ ਨਾਮਦੇਵ ਜੀ ਮਹਾਰਾਜ ਦੇ 754ਵੇਂ ਪ੍ਰਕਾਸ਼ ਪੁਰਬ, ਸ੍ਰੀ ਗਿਆਨੇਸ਼ਵਰ ਮਹਾਰਾਜ ਦੇ 728ਵੇਂ ਸੰਜੀਵਨ ਸਮਾਧੀ ਦਿਵਸ ਅਤੇ ਸਿੱਖ ਧਰਮ ਦੇ ਪਹਿਲੇ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਾਂਤੀ, ਭਾਈਚਾਰਕ ਸਾਂਝ ਅਤੇ ਸੰਤਾਂ ਦੇ ਵਿਚਾਰਾਂ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਉਦੇਸ਼ ਨਾਲ ਜ਼ਿਲ੍ਹਾ ਪੰਡਰਪੁਰ, ਮਹਾਰਾਸ਼ਟਰ ਤੋਂ ਕਸਬਾ ਘੁਮਾਣ, ਜ਼ਿਲ੍ਹਾ ਗੁਰਦਾਸਪੁਰ ਪੰਜਾਬ ਤੱਕ ਲਗਭਗ 2300 ਕਿਲੋਮੀਟਰ ਲੰਬੀ ਰੱਥ ਅਤੇ ਸਾਈਕਲ ਯਾਤਰਾ 12 ਨਵੰਬਰ 2024 ਨੂੰ ਸ਼ੁਰੂ ਕੀਤੀ ਗਈ ਸੀ ਜੋਕਿ ਅਲੱਗ ਅਲੱਗ ਸੂਬਿਆਂ ਵਿੱਚ ਹੁੰਦੀ ਹੋਈ 2 ਦਿਸੰਬਰ ਨੂੰ ਪੰਜਾਬ ਪਹੁੰਚੇਗੀ। ਸੰਤ ਸ਼੍ਰੋਮਣੀ ਭਗਤ ਨਾਮਦੇਵ ਮਹਾਰਾਜ ਨੇ ਉੱਤਰ ਭਾਰਤ ਵਿੱਚ ਭਗਤੀ ਲਹਿਰ ਦਾ ਪ੍ਰਚਾਰ ਪ੍ਰਸਾਰ ਕੀਤਾ ਅਤੇ ਜਾਤਪਾਤ ਦੇ ਖਾਤਮੇ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਆਪਣੇ ਜੀਵਨ ਦਾ ਲੰਬਾ ਸਮਾਂ ਘੁਮਾਣ



ਵਿੱਚ ਰਹਿੰਦੇ ਹੋਏ ਭਗਤੀ ਦੀ ਲਹਿਰ ਨੂੰ ਪ੍ਰਫੁੱਲਤ ਕੀਤਾ ਇਸ ਦੌਰਾਨ ਉਨ੍ਹਾਂ ਦੀ ਮਹਿਮਾ ਦੂਰ ਦੂਰ ਤੱਕ ਫੈਲੀ।ਇਸੇ ਸਥਾਨ ਤੇ ਭਗਤ ਨਾਮਦੇਵ ਜੀ ਦੀ ਅੰਤਿਮ ਸਮਾਧੀ ਮੌਜੂਦ ਹੈ, ਇਥੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਲੱਖਾਂ ਸੰਗਤਾਂ ਨਤਮਸਤਕ ਹੋਣ ਲਈ ਆਉਂਦੀਆਂ ਹਨ ਅਤੇ ਅਸ਼ੀਰਵਾਦ ਪ੍ਰਾਪਤ ਕਰਦੀਆਂ ਹਨ।

ਭਗਤ ਨਾਮਦੇਵ ਜੀ ਦੀ ਜਨਮ ਤੇ ਭਗਤੀ ਸਥਾਨਾਂ ਮਹਾਰਾਸ਼ਟਰ ਤੋਂ ਸਾਲ ਭਰ ਸ਼ਰਧਾਲੂ ਆਉਂਦੇ ਹਨ। ਟਿੱਕਾ ਤੇ ਗਰਚਾ ਨੇ ਕਿਹਾ ਕਿ ਮਹਾਰਾਸ਼ਟਰ ਭਗਵਤ ਧਰਮ ਪ੍ਰਚਾਰਕ ਮੰਡਲ ਦੇ ਪ੍ਰਧਾਨ ਸੂਰਿਆਕਾਂਤ ਭੀਸੇ ਦੀ ਅਗਵਾਈ ਹੇਠ ਰਾਜ ਪਾਲਕੀ ਸੋਹਲਾ ਜਰਨਲਿਸਟ ਐਸੋਸੀਏਸ਼ਨ ਮਹਾਰਾਸ਼ਟਰ, ਨਾਮਦੇਵ ਸਮਾਜਵਾਦੀ ਪ੍ਰੀਸ਼ਦ ਅਤੇ ਸਮਸਤ ਨਾਮਦੇਵ ਸ਼ੰਪੀ ਸਮਾਜ ਮਹਾਰਾਸ਼ਟਰ ਨੇ ਰਲ ਕੇ ਸ਼੍ਰੀ ਵਿੱਠਲ ਦੀ ਭਗਤੀ ਅਤੇ ਸ਼ਾਂਤੀ, ਸਮਾਨਤਾ ਦੇ ਸੰਤਾਂ ਦੇ ਵਿਚਾਰਾਂ ਦਾ ਪ੍ਰਚਾਰ ਕਰਨ ਦੇ ਮਕਸਦ ਨਾਲ ਸ਼ਰਧਾਲੂਆਂ ਵੱਲੋਂ ਜ਼ਿਲ੍ਹਾ ਪੰਡਰਪੁਰ ਮਹਾਰਾਸ਼ਟਰ ਤੋਂ ਘੁਮਾਣ ਤੱਕ ਵਿਸ਼ਾਲ ਰੱਥ ਅਤੇ ਸਾਈਕਲ ਯਾਤਰਾ ਦਾ ਆਯੋਜਨ ਕੀਤਾ ਗਿਆ ਹੈ।

ਇਹ ਰੱਥ ਅਤੇ ਸਾਈਕਲ ਯਾਤਰਾ 2022 ਨੂੰ ਸ਼ੁਰੂ ਕੀਤੀ ਗਈ ਸੀ। ਯਾਤਰਾ 'ਚ 50 ਦੇ ਕਰੀਬ ਭਜਨੀ ਮੰਡਲ ਅਤੇ 100 ਦੇ ਕਰੀਬ ਸਾਈਕਲਿਸਟ ਹਿੱਸਾ ਲੈ ਰਹੇ ਹਨ ਅਤੇ ਇਹ ਯਾਤਰਾ ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਹਰਿਆਣਾ ਰਾਜਾਂ ਤੋਂ ਹੁੰਦੀ ਹੋਈ ਪੰਜਾਬ 'ਚ ਪ੍ਰਵੇਸ਼ ਕਰੇਗੀ ਅਤੇ 4 ਦਸੰਬਰ ਨੂੰ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਵਿਖੇ ਪਹੁੰਚੇਗੀ ਅਤੇ ਅਗਲੇ ਦਿਨ ਵਾਪਸ ਮਹਾਰਾਸ਼ਟਰ ਲਈ ਰਵਾਨਾ ਹੋਵੇਗੀ, 5 ਦਸੰਬਰ ਨੂੰ ਲੁਧਿਆਣਾ ਵਿਖੇ ਸਾਈਕਲ ਯਾਤਰਾ ਦਾ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਸਮੂਹ ਪ੍ਰਬੰਧਕ ਕਮੇਟੀ ਅਤੇ ਬਾਬਾ ਨਾਮਦੇਵ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਨਿੱਘਾ ਸਵਾਗਤ ਕੀਤਾ ਜਾਵੇਗਾ।

## ਭਾਰਤ ਦੇ ਸੰਵਿਧਾਨ ਦਿਵਸ ਸਬੰਧੀ ਸ.ਸ.ਸ.ਸਕੂਲ ਰੁਪਾਣਾ (ਲੜਕੇ) ਵਿਖੇ ਕੀਤਾ ਗਿਆ ਸਮਾਗਮ

ਪੰਜਾਬ ਦਾ ਖੁਲਾਸਾ



**ਸ੍ਰੀ ਮੁਕਤਸਰ ਸਾਹਿਬ, 26 ਨਵੰਬਰ (ਮਨਪ੍ਰੀਤ ਮੋਨੂੰ)** ਪ੍ਰਬੁੱਧ ਭਾਰਤ ਫਾਊਡੇਸ਼ਨ ਯੂਨਿਟ ਰੁਪਾਣਾ ਵਲੋਂ ਸਰਕਾਰੀ ਸੀਨੀਅਰ ਸਕੰਡਰੀ ਸਕੂਲ ਰੁਪਾਣਾ(ਲੜਕੇ) ਵਿਖੇ ਭਾਰਤ ਦੇ ਸਵਿਧਾਨ ਦਿਵਸ ਮੋਕੇ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ ।ਇਸ ਪ੍ਰੋਗਰਾਮ ਵਿਚ ਸ. ਰਵਿੰਦਰ ਸਿੰਘ ਸਰਪੰਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਿਸੀਪਲ ਰੁਪਿੰਦਰਜੀਤ ਕੌਰ ਵਲੋਂ ਕੀਤੀ ਗਈ।ਇਸ ਸਮੇਂ ਮੁੱਖ ਮਹਿਮਾਨ ਤੇ ਵਿਦਆਰਥੀਆਂ ਨੂੰ ਮੈਡਮ ਆਸ਼ਾ ਰਾਨੀ ਵਲੋਂ ਜੀ ਆਇਆਂ ਨੂੰ ਆਖਿਆ ਗਿਆ ।ਇਸ ਮੋਕੇ ਸ ਬਰਨੇਕ ਸਿੰਘ ਰਿਟ. ਲੈਕਚਰਾਰ ਨੇ ਸਵਿਧਾਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਕਿਹਾ ਕਿ 26 ਨਵੰਬਰ 1949 ਨੂੰ ਡਾ. ਬੀ.ਆਰ ਅੰਬੇਦਕਰ ਵਲੋਂ ਸਵਿਧਾਨ ਬਣਾ ਕੇ ਤਿਆਰ ਕੀਤਾ ਗਿਆ ਸੀ ਜੋ ਕਿ 26 ਜਨਵਰੀ 1950 ਨੂੰ ਭਾਰਤ ਵਿਚ ਲਾਗੂ ਹੋਇਆ।ਇਸ ਤੋਂ ਇਲਾਵਾ ਸ਼੍ਰੀ ਰਿਖੀ ਰਾਮ ਏ.ਟੀ.ਓ. ਅਤੇ ਡਾ ਲਾਲ ਚੰਦ ਰੁਪਾਣਾ ਨੇ ਦੱਸਿਆ ਕਿ ਇਹ ਸਵਿਧਾਨ ਅਣਥੱਕ ਮਿਹਨਤ ਨਾਲ 2 ਸਾਲ 11 ਮਹੀਨੇ ਅਤੇ 18 ਦਿਨਾ ਵਿਚ ਮੁਕੰਮਲ ਕੀਤਾ ਗਿਆ।ਇਸ ਸਵਿਧਾਨ ਵਿਚ ਸਭ ਨੂੰ ਬਰਾਬਰ ਦਾ ਅਧਿਕਾਰ,ਔਰਤਾਂ ਦੇ ਹੱਕਾਂ ਸਬੰਧੀ, ਵੋਟ ਦਾ ਅਧਿਕਾਰ ਆਦਿ ਸ਼ਾਮਿਲ ਹਨ।ਇਸ ਮੋਕੇ ਪ੍ਰਬੁੱਧ ਭਾਰਤ ਫਾਊਡੇਸ਼ਨ ਪ੍ਰਤੀਯੋਗਤਾ ਪੇਪਰ ਜੋ ਕਿ 25 ਅਗਸਤ 2024 ਨੂੰ ਕਰਵਾਇਆ ਗਿਆ ਸੀ, ਪ੍ਰਤੀਯੋਗਤਾ ਵਿਚੋਂ ਪੰਜਾਬ ਪੱਧਰ ਦੇ ਮੈਰਿਟ ਵਿਚ ਆਉਣ ਵਾਲੇ ਵਿਦਆਰਥੀ ਖੁਸ਼ਦੀਪ ਕੌਰ, ਅਸ਼ਨਤ, ਗੁਰਕੀਰਤ ਸਿੰਘ ਨੂੰ ਸਟੇਟ ਵਲੋਂ 1000-1000 ਰੁਪੈ ਅਤੇ ਪ੍ਰਬੁੱਧ ਭਾਰਤ ਫਾਊਡੇਸ਼ਨ ਯੂਨਿਟ ਰੁਪਾਣਾ ਵਲੋਂ ਸਰਟੀਫਿਕੇਟ, ਸਨਮਾਨ ਚਿੰਨ੍ਹ, ਕਾਪੀਆ, ਪੈੱਨ ਦੇ ਕੇ ਸਨਮਾਨਿਤ ਕੀਤਾ ਇਸ ਤੋਂ ਇਲਾਵਾ ਸ. ਰਵਿੰਦਰ ਸਿੰਘ ਸਰਪੰਚ ਵਲੋਂ ਵੀ ਮੈਰਿਟ ਵਾਲੇ ਵਿਦਆਰਥੀਆਂ ਨੂੰ ਵਿਸ਼ੇਸ਼ ਤੌਰ ਤੇ 1000-1000 ਦੇ ਹੌਂਸਲਾ ਅਫਜਾਈ ਕੀਤੀ ਗਈ । ਪ੍ਰਤੀਯੋਗਤਾ ਵਿਚੋਂ ਚੰਗੇ ਨੰਬਰ ਪ੍ਰਾਪਤ ਕਰਨ ਵਾਲੇ 11 ਵਿਦਆਰਥੀਆਂ ਨੂੰ ਪ੍ਰਬੁੱਧ ਭਾਰਤ ਫਾਊਡੇਸ਼ਨ ਯੂਨਿਟ ਰੁਪਾਣਾ ਵਲੋਂ 100-100 ਰੁਪੈ ,ਸਰਟੀਫਿਕੇਟ, ਸਨਮਾਨ ਚਿੰਨ੍ਹ, ਕਾਪੀਆ, ਪੈੱਨ ਦੇ ਕੇ ਸਨਮਾਨਿਤ ਕੀਤਾ।ਇਸ ਸਮੇਂ ਸਰਪੰਚ ਰਵਿੰਦਰ ਸਿੰਘ, ਪ੍ਰਿੰਸੀਪਲ ਅਤੇ ਸਟਾਫ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਵੰਧ ਸਿੰਘ ਖੋਸਾ ਪੰਚ,ਉਪਕਾਰ ਸਿੰਘ , ਗੁਰਸੇਵਕ ਸਿੰਘ, ਲਖਵੀਰ ਸਿੰਘ, ਪ੍ਰੋਮਿਲਾ ਰਾਨੀ, ਰਾਜਵੀਰ ਕੌਰ ਅਤੇ ਬੱਚਿਆਂ ਦੇ ਮਾਤਾ ਪਿਤਾ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

ਪੰਜਾਬ ਦਾ ਖੁਲਾਸਾ

**ਪਟਿਆਲਾ, 26 ਨਵੰਬਰ (ਰਮਨ ਭਾਟੀਆ)** ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਟਰੇਡ ਯੂਨੀਅਨਾਂ ਪਟਿਆਲਾ ਵੱਲੋਂ ਰਾਸ਼ਟਰਪਤੀ ਭਾਰਤ ਸਰਕਾਰ ਨੂੰ ਡੀ ਸੀ ਰਾਂਹੀ ਮੰਗ ਪੱਤਰ ਦੇਣ ਲਈ ਉਨਾਂ ਦੇ ਦਫਤਰ ਅੱਗੇ ਤਿੰਨ ਘੰਟੇ ਲਗਾਤਾਰ ਧਰਨਾ ਦਿੱਤਾ ਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ । ਮੁੱਖ ਮੰਗਾਂ ਵਿਚ ਸਾਰੀਆਂ ਫਸਲਾਂ ਤੇ ਕਾਨੂੰਨਨ ਗਾਰੰਟਿਡ ਐਮ ਐਸ ਪੀ , ਲੇਬਰ ਕੋਡ ਰੱਦ ਕਰਨੇ, ਘੱਟੋ ਘੱਟ ਉਜਰਤ , ਵਿਆਪਕ ਕਰਜ਼ਾ ਮੁਕਤੀ, ਪਰੀਪੇਡ ਮੀਟਰ ਲਾਉਣੇ ਬੰਦ ਕਰਨੇ, ਅੰਨੇਵਾਹ ਜ਼ਮੀਨਾਂ ਐਕਵਾਇਰ ਕਰਨੀਆਂ ਬੰਦ ਕਰਨੀਆਂ, ਮਨਰੇਗਾ ਅਧੀਨ ਦੋ ਸੌ ਦਿਨ ਕੰਮ, ਸੱਠ ਸਾਲ ਦੀ ਉਮਰ ਤੇ ਸਭ ਲਈ ਮਹੀਨਾਵਾਰ ਦਸ ਹਜ਼ਾਰ ਰੁਪਏ ਪੈਨਸ਼ਨ , ਕਾਰਪੋਰੇਟੀਕਰਨ ਖਤਮ ਕਰਨਾ, ਝੋਨੇ ਦੀ ਖਰੀਦ ਤੇ ਕੱਟ ਰੋਕ ਕੇ ਲੁੱਟਣ ਵਾਲੇ ਵਿਉਪਾਰੀਆਂ ਤੇ ਕਾਨੂੰਨੀ ਕਾਰਵਾਈ ਅਤੇ ਪਰਾਲੀ ਸਾੜਨ ਦੇ ਕੇਸ ਰੱਦ ਕਰਨੇ ਸ਼ਾਮਲ ਸਨ। ਧਰਨੇ ਦੇ ਅੰਤ ਵਿਚ ਡੀ ਸੀ ਪਟਿਆਲਾ ਦੇ ਨੁਮਾਇੰਦਾ ਐਸ ਡੀ ਐਮ ਮੈਡਮ ਨੇ ਮੰਗ ਪੱਤਰ



ਪਰਾਪਤ ਕਰਦਿਆਂ ਫੌਰੀ ਅੱਗੇ ਭੇਜਣ ਦਾ ਵਿਸ਼ਵਾਸ਼ ਦਿਵਾਇਆ ।

ਧਰਨੇ ਨੂੰ ਹੋਰਨਾਂ ਤੋਂ ਇਲਾਵਾ ਡਾ ਦਰਸ਼ਨਪਾਲ, ਰਾਮਿੰਦਰ ਸਿੰਘ ਪਟਿਆਲਾ , ਧਰਮਪਾਲ ਸੀਲ , ਰਾਮ ਸਿੰਘ ਮਟੋਰੜਾ,ਕੁਲਵੰਤ ਸਿੰਘ ਮੌਲਵੀਵਾਲਾ, ਬੂਟਾ ਸਿੰਘ ਸ਼ਾਦੀਪੁਰ, ਨਿਰਮਲ ਸਿੰਘ ਧਾਲੀਵਾਲ,ਚਰਨਜੀਤ ਕੌਰ, ਜਸਵੀਰ ਸਿੰਘ ਖੇੜੀ, ਨਰਿੰਦਰ ਸਿੰਘ ਲੇਹਲਾਂ, ਦਰਸ਼ਨ ਸਿੰਘ ਬੇਲੂਮਾਜਰਾ, ਅਮਰਜੀਤ ਸਿੰਘ , ਦਵਿੰਦਰ ਸਿੰਘ ਪੂਨੀਆ, ਪਵਨ ਸ਼ੋਗਲਪੁਰ, ਲਸ਼ਕਰ ਸਿੰਘ , ਸੁਰਜੀਤ ਸਿੰਘ ਲਾਖਾ, ਹਰਭਜਨ ਸਿੰਘ ਬੁੱਟਰ, ਹਰੀ ਸਿੰਘ ਦੌਣ ਕਲਾਂ,ਉੱਤਮ ਬਾਗੜੀ, ਸੁਨੀਲ ਕੁਮਾਰ ਆਦਿ ਕਿਸਾਨ ਤੇ ਮੁਲਾਜ਼ਮ ਆਗੂਆਂ ਨੇ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਗੁਰਚਰਨ ਸਿੰਘ ਪਰੌੜ ਤੇ ਗੁਰਮੀਤ ਸਿੰਘ ਛੱਜੂਭੱਟ ਨੇ ਸਾਂਝੇ ਤੌਰ 'ਤੇ ਚਲਾਈ ।

## ਸੀਨੀਅਰ ਮਹਿਲਾ ਟੇਪਬਾਲ ਕ੍ਰਿਕਟ ਚੈਂਪੀਅਨਸ਼ਿਪ 27 28 ਨਵੰਬਰ ਨੂੰ ਕਰਵਾਈ ਜਾਵੇਗੀ ਜੱਜ- ਵਿਰਕ , ਕੋਹਲੀ

ਪੰਜਾਬ ਦਾ ਖੁਲਾਸਾ

**ਕਪੂਰਥਲਾ, 26 ਨਵੰਬਰ (ਕੌੜਾ)**- ਸ਼ਾਹ ਸੁਲਤਾਨ ਕ੍ਰਿਕਟ ਕਲੱਬ ਸਮਾਜ ਸੇਵੀ ਸੰਸਥਾ ਦੀ ਮੀਟਿੰਗ ਸਰਪ੍ਰਸਤ ਗੁਰਵਿੰਦਰ ਸਿੰਘ ਵਿਰਕ ਚੇਅਰਮੈਨ ਸੁਖਦੇਵ ਸਿੰਘ ਜੱਜ ਸੰਚਾਲਕ ਮੈਂਬਰ ਮਾਸਟਰ ਨਰੇਸ਼ ਕੋਹਲੀ ਯੂਵਾ ਖੇਡ ਭਲਾਈ ਬੋਰਡ ਦੇ ਚੇਅਰਮੈਨ ਰਾਜੀਵ ਵਾਲੀਆ ਦੀ ਪ੍ਰਧਾਨਗੀ ਹੇਠ ਹੋਈ. ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਅਜੀਬ ਵਾਲੀਆ ਜੀ ਨੇ ਦੱਸਿਆ ਕਿ ਪੰਜਾਬ ਵਿੱਚ ਪਹਿਲੀ ਸੀਨੀਅਰ ਨੈਸ਼ਨਲ ਮਹਿਲਾ ਕ੍ਰਿਕਟ 27, 28 ਨਵੰਬਰ ਨੂੰ ਅਕਾਲ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ ਵਿਖੇ ਅਕਾਲ ਗਰੁੱਪ ਆਫ ਇੰਸਟੀਟਿਊਸ਼ਨ ਅਤੇ ਸ਼ਾਹ ਸੁਲਤਾਨ ਕ੍ਰਿਕਟ ਕਲੱਬ ਸਮਾਜ ਸੇਵੀ ਸੰਸਥਾ ਦੇ ਸਹਿਯੋਗ ਨਾਲ ਕਰਵਾਈ ਜਾਵੇਗੀ ਸਮਾਜ ਨੂੰ ਨਸ਼ਿਆਂ ਤੋਂ ਰਹਿਤ ਕਰਨ ਲਈ ਅਕਾਲ ਗਰੁੱਪ ਆਫ ਇੰਸਟੀਟਿਊਸ਼ਨ ਅਤੇ ਸ਼ਾਹ ਸੁਲਤਾਨ ਕ੍ਰਿਕਟ ਕਲੱਬ ਹਮੇਸ਼ਾ ਹੀ ਖੇਡਾਂ ਨੂੰ ਵਿਕਸਿਤ ਕਰ ਰਿਹਾ ਹੈ ਇਸ ਟੂਰਨਾਮੈਂਟ ਵਿੱਚ ਪੂਰੇ ਪੰਜਾਬ ਵਿੱਚੋਂ 16 ਟੀਮਾਂ



ਭਾਗ ਲੈਣਗੀਆਂ ਔਰਤਾਂ ਅਤੇ ਲੜਕੀਆਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਇਹ ਬਹੁਤ ਵਧੀਆ ਉਪਰਾਲਾ ਹੈ ਮਾਸਟਰ ਨਰੇਸ਼ ਕੋਹਲੀ ਨੇ ਦੱਸਿਆ ਕਿ ਕ੍ਰਿਕਟ ਅਤੇ ਹੋਰ ਖੇਡਾਂ ਨੂੰ ਅੱਗੇ ਵਧਾਉਣ ਲਈ ਸ਼ਾਹ ਸੁਲਤਾਨ ਕਲੱਬ ਹਮੇਸ਼ਾ ਹੀ ਉਪਰਾਲਾ ਕਰਦਾ ਰਹੇਗਾ ਸਮੂਹ ਸ਼ਹਿਰ ਵਾਸੀਆਂ ਅਤੇ ਕ੍ਰਿਕਟ ਪ੍ਰੇਮੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਟੂਰਨਾਮੈਂਟ ਵਿੱਚ ਵੱਧ ਤੋਂ ਵੱਧ ਪਹੁੰਚੋ ਤਾਂ ਜੋ ਸੁਲਤਾਨਪੁਰ ਲੋਧੀ ਵਿੱਚ ਆ ਰਹੀਆਂ ਟੀਮਾਂ ਦੀ ਹੌਸਲਾ ਅਫਜ਼ਾਈ ਹੋ ਸਕੇ ਇਸ ਮੌਕੇ ਕੁਲਵਿੰਦਰ ਸਿੰਘ ਜੱਜ ਪ੍ਰਗਟ ਸਿੰਘ ਜੱਜ ਹਰਪ੍ਰੀਤ ਸਿੰਘ ਸੰਧੂ ਅੰਗਰੇਜ ਸਿੰਘ ਡੇਰਾ ਸੈਯਦਾ ਰਣਜੀਤ ਸਿੰਘ. ਸੈਣੀ ਗੁਰਸ਼ਰਨ ਸਿੰਘ. ਗੁਰੂਚਰਨ ਸਿੰਘ. ਸਚਿਨ ਅਰੋੜਾ. ਅਵਤਾਰ ਸਿੰਘ. ਜਸਪਾਲ ਪਨੇਸਰ. ਕੁਲਵਿੰਦਰ ਸਿੰਘ .ਨੀਰਜ ਅਵਦੇਸ਼ ਕੁਮਾਰ ਕੋਚ. ਅਮਰਦੀਪ ਸਿੰਘ ਕੋਚ ਸੋਡੀ ਲੋਹੀਆ ਮਨਦੀਪ ਸ਼ਾਹਕੋਟ ਗੁਰਪ੍ਰੀਤ ਸਿੰਘ ਅੱਜ ਅਸਲਾ ਸੋਨਾ ਸਿੰਘ ਅਮਰਜੀਤ ਸਿੰਘ ਯੂਕੇ ਕਰਨਪੂਰੀ ਗੋਤਮ ਸ਼ਰਮਾ ਮੁਕੇਸ਼ਹਾਨ ਯਸ਼ਬਿੰਦ ਦਲਜੀਤ ਸਿੰਘ ਦਨਪੁਰ ਬਲਦੇਵ ਸਿੰਘ ਟੀਟਾ ਜਰਨੈਲ ਸਿੰਘ ਸੁਰਿੰਦਰ ਸਿੰਘ ਬਲਕਾਰ ਸਿੰਘ ਪ੍ਰਧਾਨ ਮੌਜੂਦ ਸਨ।



## ਜ਼ਿਲ੍ਹਾ ਪੱਧਰੀ 68ਵਾਂ ਸਾਫਟਬਾਲ ਟੂਰਨਾਮੈਂਟ ਸ਼ੁਰੂ ਹੋਇਆ

ਪੰਜਾਬ ਦਾ ਖੁਲਾਸਾ

**ਮੈਚ ਵਿੱਚ ਮੁੱਖ ਮਹਿਮਾਨ ਵਜੋਂ ਆਪ ਆਗੂ ਤੇ ਐਡਵੋਕੇਟ ਹਰਪ੍ਰੀਤ ਸਿੰਘ ਪੁੱਜੇ**

**ਪੱਟੀ ਸਦੀਕ, 26 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਸੀਨੀਅਰ ਸੈਕੰਡਰੀ ਸਕੂਲ ਅਬੋਹਰ ਵਿਖੇ 68ਵਾਂ ਜ਼ਿਲ੍ਹਾ ਪੱਧਰੀ ਸਾਫਟਬਾਲ ਟੂਰਨਾਮੈਂਟ ਸ਼ੁਰੂ ਹੋਇਆ ਇਸ ਟੂਰਨਾਮੈਂਟ ਵਿੱਚ 'ਆਪ' ਆਗੂ ਤੇ ਸੀਨੀਅਰ ਐਡਵੋਕੇਟ ਹਰਪ੍ਰੀਤ ਸਿੰਘ ਮੁੱਖ ਮਹਿਮਾਨ ਵਜੋਂ ਪੁੱਜੇ। ਉਨ੍ਹਾਂ ਹਰੀ ਝੰਡੀ ਦਿਖਾ ਕੇ ਮੈਚ ਦੀ ਸ਼ੁਰੂਆਤ ਕੀਤੀ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਬ੍ਰਿਜਮੋਹਨ ਸਿੰਘ ਬੇਦੀ, ਪ੍ਰਿੰਸੀਪਲ ਰਾਜੇਸ਼ ਸਚਦੇਵਾ, ਮਹਿਲਾ ਵਿੰਗ ਦੀ ਮੈਡਮ ਜਤਿੰਦਰ ਕੌਰ, ਝੋਰੜਖੇੜਾ ਸਕੂਲ ਦੇ ਪਿ੍ੰਸੀਪਲ ਕਸ਼ਮੀਰੀ ਲਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ਐਡਵੋਕੇਟ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਯਤਨਸ਼ੀਲ ਹੈ। ਇਸ ਤਹਿਤ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਜਲਦੀ ਹੀ ਸਕੂਲ ਨੂੰ ਲਾਇਬ੍ਰੇਰੀ ਅਤੇ ਖੇਡਾਂ ਦੇ ਸਾਮਾਨ ਲਈ ਡੇਢ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। ਇਹ ਗ੍ਰਾਂਟ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ 'ਆਪ' ਦੇ ਜ਼ਿਲ੍ਹਾ ਪ੍ਰਧਾਨ ਸੁਨੀਲ ਸਚਦੇਵਾ ਵੱਲੋਂ ਆਪਣੇ ਸਰਕਾਰੀ ਵਿੱਤੀ ਫੰਡ ਵਿੱਚੋਂ ਦਿੱਤੀ ਜਾਵੇਗੀ।

## ਕਲਮਾਂ ਦੇ ਰੰਗ ਸਾਹਿਤ ਸਭਾ(ਰਜਿ.) ਫ਼ਰੀਦਕੋਟ ਵੱਲੋਂ ਹੋਣਹਾਰ ਨੌਜਵਾਨ ਸਭਾ ਦੇ ਸੀਨੀਅਰ ਮੈਂਬਰ ਹਰਸੰਗੀਤ ਸਿੰਘ ਗਿੱਲ ਦਾ ਕੀਤਾ ਵਿਸੇਸ਼ ਸਨਮਾਨ

ਪੰਜਾਬ ਦਾ ਖੁਲਾਸਾ

**ਫ਼ਰੀਦਕੋਟ, 26 ਨਵੰਬਰ** - ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫ਼ਰੀਦਕੋਟ ਦੇ ਹੋਣਹਾਰ ਮੈਂਬਰ ਹਰਸੰਗੀਤ ਸਿੰਘ ਗਿੱਲ ਵੱਲੋਂ ਬਾਜੀਗਰ ਬਸਤੀ ਵਾਰਡ ਨੰਬਰ:- 23 ਦੇ ਗਰੀਬ ਬੱਚਿਆਂ ਨੂੰ ਫਰੀ ਟਿਊਸ਼ਨ ਪੜਾਈ ਜਾ ਰਹੀ ਹੈ । ਉਸ ਦੀ ਸੇਵਾ ਭਾਵਨਾ ਨੂੰ ਦੇਖਦੇ ਹੋਏ ਟੀਮ ਕਲਮਾਂ ਦੇ ਰੰਗ ਤੇ ਐਮ.ਸੀ. ਜਤਿੰਦਰ ਕੁਮਾਰ ਵੱਲੋਂ ਹਰਸੰਗੀਤ



ਸਿੰਘ ਗਿੱਲ ਦਾ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਬੋਲਦਿਆਂ ਸਭਾ ਦੇ ਪ੍ਰਧਾਨ ਸ਼ਿਵਨਾਥ ਦਰਦੀ ਨੇ ਕਿਹਾ ਸਮਾਜ ਸੇਵਾ ਕਰਨ ਵਾਲਿਆਂ ਦਾ ਸਾਡੀ ਸਭਾ ਬਣਦਾ ਮਾਣ ਸਤਿਕਾਰ ਕਰਦੀ ਹੈ ਤੇ ਕਰਦੀ ਰਹੇਗੀ। ਉਹਨਾਂ ਦੱਸਿਆ ਕਿ ਹਰਸੰਗੀਤ ਸਿੰਘ ਗਿੱਲ ਇੱਕ ਹੈਂਡੀਕੈਪਡ ਹੁੰਦੇ ਹੋਏ ਵੀ ਰੋਲ ਮਾਡਲ ਦਾ ਕੰਮ ਕਰ ਰਿਹਾ ਹੈ । ਪ੍ਰੈਸ ਨਾਲ ਇਹ ਜਾਣਕਾਰੀ ਸਭਾ ਦੇ ਕਾਨੂੰਨੀ ਸਲਾਹਕਾਰ ਪਰਦੀਪ ਸਿੰਘ ਅਟਵਾਲ ਐਡਵੋਕੇਟ ਨੇ ਸਾਂਝੀ ਕੀਤੀ। ਇਸ ਸਮੇਂ ਸਭਾ ਦੇ ਪ੍ਰਧਾਨ ਸ਼ਿਵਨਾਥ ਦਰਦੀ, ਜਨਰਲ ਸਕੱਤਰ ਜਸਵਿੰਦਰ ਜੱਸ, ਕਾਨੂੰਨੀ ਸਲਾਹਕਾਰ ਪਰਦੀਪ ਸਿੰਘ ਅਟਵਾਲ ਐਡਵੋਕੇਟ, ਸਕੱਤਰ ਰਾਜ ਗਿੱਲ ਭਾਣਾ, ਮੀਡੀਆ ਇੰਚਾਰਜ ਅਸੀਸ ਕੁਮਾਰ, ਮੈਂਬਰ ਬਲਕਾਰ ਸਿੰਘ ਸਹੋਤਾ, ਸੁਖਵਿੰਦਰ ਸਿੰਘ ਗਿੱਲ ਤੇ ਜਤਿੰਦਰ ਕੁਮਾਰ ਐਮ.ਸੀ ਆਦਿ ਹਾਜ਼ਰ ਹੋਏ।

## ਗੋਪਾਲ ਸਾਕਸ਼ੀ ਖੱਤਰੀ ਸਭਾ ਦੇ ਸੂਬਾ ਸੀਨੀਅਰ ਉਪ ਪ੍ਰਧਾਨ ਬਣੇ

ਪੰਜਾਬ ਦਾ ਖੁਲਾਸਾ



**ਮਮਦੋਟ, 26 ਨਵੰਬਰ (ਸ਼ਰਮਾਂ)** ਖੱਤਰੀ ਭਾਈਚਾਰੇ ਦੀ ਹੋਈ ਪੰਜਾਬ ਪੱਧਰੀ ਮੀਟਿੰਗ ਵਿੱਚ ਖੱਤਰੀ ਮਹਾਂਸਭਾ ਪੰਜਾਬ ਦੇ ਪ੍ਰਧਾਨ ਵਿਜੈ ਧੀਰ ਐਡਵੋਕੇਟ ਵੱਲੋ ਪ੍ਰਦੇਸ਼ ਹਾਈਕਮਾਨ ਸ੍ਰੀ ਅਸ਼ੋਕ ਥਾਪਰ ਜੀ ਨਾਲ ਸਲਾਹ ਮਸ਼ਵਰਾ ਕਰਨ ਤੋ ਬਾਅਦ ਕਈ ਨਿਯੁਕਤੀਆਂ ਕੀਤੀਆ ਗਈਆਂ , ਜਿੰਨਾਂ ਵਿੱਚ ਧੂਰੀ ਦੇ ਰਹਿਣ ਵਾਲੇ ਸ੍ਰੀ ਗੋਪਾਲ ਸਾਕਸ਼ੀ ਨੂੰ ਪੰਜਾਬ ਦਾ ਸੀਨੀਅਰ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ ।

ਇਸ ਮੌਕੇ ਤੇ ਪੰਜਾਬ ਦੇ ਨਵ ਨਿਯੁਕਤ ਖੱਤਰੀ ਮਹਾਂਸਭਾ ਦੇ ਸੀਨੀਅਰ ਉਪ ਪ੍ਰਧਾਨ ਸ੍ਰੀ ਗੋਪਾਲ ਸਾਕਸ਼ੀ ਜੀ ਨੇ ਵਿਸ਼ਵਾਸ ਦਿਵਾਇਆ ਕਿ ਉਹ ਦਿੱਤੀ ਗਈ ਜਿੰਮੇਵਾਰੀ ਨੂੰ ਪੂਰੀ ਤਰ ਾਂ ਤਨਦੇਹੀ ਨਾਲ ਨਿਭਾਉਣਗੇ ਅਤੇ ਖੱਤਰੀ ਬਰਾਦਰੀ ਵਾਸਤੇ ਰਾਤ ਦਿਨ ਸੇਵਾ ਕਰਦੇ ਰਹਿਣਗੇ। ਇਸ ਮੌਕੇ ਤੇ ਸ਼੍ਰੀ ਗੋਪਾਲ ਸਾਕਸ਼ੀ ਜੀ ਨੂੰ ਵਧਾਈਆਂ ਦੇਣ ਵਾਲਿਆਂ ਵਿੱਚ ਵਿੱਕੀ ਮਦਾਨ ਪ੍ਰਧਾਨ ਵਪਾਰ ਮੰਡਲ ਮਮਦੋਟ , ਪਵਨ ਦੁੱਗਲ ਸਾਬਕਾ ਸਰਪੰਚ ਖੁੰਦਰ ਉਤਾੜ, ਆੜ ਤੀ ਰਾਕੇਸ਼ ਕੁਮਾਰ ਵਿੱਕੀ ਮੈਣੀ, ਦੀਪਕ ਗਰਗ ਜੈ ਮਾਂ ਰਾਇਸ ਮਿੱਲ, ਰੌਬਿਨ ਧਵਨ ਵਾਇਨ ਕੰਟਰੈਕਟਰ ਮਮਦੋਟ , ਰਚਿਤ ਨਾਰੰਗ, ਰੋਹਿਤ ਨਾਰੰਗ , ਜਗਦੀਸ਼ ਲਾਲ ਰਾਜੂ ਚਾਵਲਾ, ਰਿੰਕੂ ਚਾਵਲਾ ਪ੍ਰਧਾਨ ਦੇਵੀ ਦੁਆਰਾ ਮੰਦਿਰ ਮਮਦੋਟ, ਸ਼ੇਖਰ ਨਾਰੰਗ, ਸੰਜੀਵ ਨਾਰੰਗ, ਆੜ ਤੀ ਅਸ਼ੋਕ ਨਾਰੰਗ, ਬਲਵਿੰਦਰ ਦੁੱਗਲ ਆੜ ਤੀ ਖੁੰਦਰ ਉਤਾੜ, ਬਿੱਟੂ ਮੈਣੀ ਆੜ ਤੀ ਖੁੰਦਰ ਉਤਾੜ, ਅਸ਼ੋਕ ਸਹਿਗਲ ਆਦਿ ਨੇ ਸ਼ਾਮਿਲ ਹੋਏ।

## ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਵੱਲੋਂ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਕਰਵਾਇਆ ਗੁਰਮਤਿ ਸਮਾਗਮ

**ਭਾਈ ਅਮਨਦੀਪ ਸਿੰਘ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਕੀਤੇ ਜਾ ਰਹੇ ਕਾਰਜ ਕੀਤੇ ਸ਼ਲਾਂਗਾਯੋਗ-ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ**







ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ, 26 ਨਵੰਬਰ (ਦਿਨੇਸ਼ ਸੋਨੀ)** ਬਾਬਾ ਦੀਪ ਸਿੰਘ ਚੈਰੀਟੇਬਲ ਦੇ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਵੱਲੋਂ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ, ਝਬਾਲ, ਸ਼੍ਰੀ ਅੰਮ੍ਰਿਤਸਰ ਵਿਖੇ ਮਹਾਨ ਕੀਰਤਨ ਦਰਬਾਰ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਵਿੱਚ ਨਤਮਸਤਕ ਹੋ ਕੇ ਕੀਰਤਨ - ਕਥਾ ਦਾ ਆਨੰਦ ਮਾਣਿਆ ਅਤੇ ਆਪਣਾ ਜੀਵਨ ਸਫਲਾ ਕੀਤਾ।ਜਿਸ ਵਿੱਚ ਸਿੱਖ ਪੰਥ ਦੀ ਮਹਾਨ ਸ਼ਖਸ਼ੀਅਤ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਸ਼੍ਰੀ ਦਮਦਮਾ ਸਾਹਿਬ ਨੇ ਹਾਜਰੀ ਭਰੀ। ਸਮਾਗਮ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਨਿਸ਼ਾਨ ਸਿੰਘ ਜੀ ਨੇ ਹੁਕਮਨਾਮਾ ਲੈ ਕੇ ਕੀਤੀ। ਉਪਰੰਤ ਭਾਈ ਗੁਰਇਕਬਾਲ ਸਿੰਘ ਜੀ,ਭਾਈ ਅਮਨਦੀਪ ਸਿੰਘ ਬੀਬੀ ਕੌਲਾਂ ਵਾਲਿਆਂ ਮਾਤਾ ਵਿਪਨਪ੍ਰੀਤ ਕੌਰ ਲੁਧਿਆਣੇ ਵਾਲਿਆਂ ,ਭਾਈ ਵਰਿੰਦਰ ਸਿੰਘ ਕੰਗ ਲੁਧਿਆਣੇ ਵਾਲੇ, ਭਾਈ ਗੁਰਚਰਨ , ਭਾਈ ਦਵਿੰਦਰ ਸਿੰਘ ਨਿਰਮਾਣ ਦੇ ਕੀਰਤਨੀ ਜਥਿਆਂ ਨੇ ਕਥਾ-ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਵਿਚਾਰਾਂ ਦੀ ਸਾਂਝ ਪਾਉਂਦਿਆਂ ਭਾਈ ਅਮਨਦੀਪ ਸਿੰਘ ਜੀ ਨੇ ਗੁਰਬਾਣੀ ਸਿਧਾਂਤ ਨਾਲ ਜੁੜਨ ਲਈ ਪ੍ਰੇਰਨਾ ਦਿੱਤੀ ।ਇਸ ਮੌਕੇ ਭਾਈ ਅਮਨਦੀਪ ਸਿੰਘ ਜੀ ਨੇ ਮੈਨੇਜਰ ਸ ਸਰਬਦਿਆਲ ਸਿੰਘ ਅਤੇ ਸ ਗੁਰਜੀਤ ਸਿੰਘ ਦਾ ਸਮੁੱਚੇ ਪ੍ਰਬੰਧ ਲਈ ਧੰਨਵਾਦ ਕੀਤਾ।ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਦੇਸ਼ਾਂ ਵਿਦੇਸ਼ਾਂ ਤੋਂ ਆ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਭਾਈ ਸਾਹਿਬ ਨੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਅਮਤੇਸ਼ਵਰ ਸਿੰਘ, ਭਾਈ ਮਨਮੀਤ ਸਿੰਘ ,ਭਾਈ ਸਿਮਰਨਜੀਤ ਸਿੰਘ ਭਾਈ ਅਵਤਾਰ ਸਿੰਘ, ਭਾਈ ਗੁਰਪ੍ਰੀਤ ਸਿੰਘ ,ਭਾਈ ਜਸਬੀਰ ਸਿੰਘ, ਭਾਈ ਸ਼ਮਸ਼ੇਰ ਸਿੰਘ ,ਭਾਈ ਜਸਵਿੰਦਰ ਸਿੰਘ ਆਦਿ ਸੰਗਤਾਂ ਵਿੱਚ ਮੌਜੂਦ ਸਨ।

## ਵਿਧਾਇਕ ਗੁਰਦਿੱਤ ਸਿੰਘ ਸੇਖੋਂ ਵੱਲੋਂ 21ਵੀਂ ਪਸ਼ੂ ਧਨ ਗਣਨਾ ਦਾ ਆਗਾਜ਼

**ਜਿਲ੍ਹੇ ਦੇ ਲੋਕਾਂ ਨੂੰ ਪਸ਼ੂ ਧਨ ਗਣਨਾ ਵਿੱਚ ਸਹਿਯੋਗ ਦੀ ਅਪੀਲ**

ਪੰਜਾਬ ਦਾ ਖੁਲਾਸਾ

**ਸਾਦਿਕ, 26 ਨਵੰਬਰ (ਰਘਬੀਰ ਸਾਦਿਕ)** ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਤੇ ਸ. ਗੁਰਮੀਤ ਸਿੰਘ ਖੁੱਡੀਆਂ ਮੰਤਰੀ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਦੀ ਦੇਖ ਰੇਖ ਹੇਠ 21ਵੀਂ ਪਸ਼ੂ ਗਣਨਾ ਦਾ ਆਗਾਜ਼ ਫਰੀਦਕੋਟ ਹਲਕਾ ਦੇ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਵੱਲੋਂ ਆਪਣੇ ਕਰ ਕਮਲਾਂ ਨਾਲ ਅਨੰਦੇਆਣਾਂ ਗਊਸ਼ਾਲਾ ਫਰੀਦਕੋਟ ਤੋਂ ਕੀਤਾ ਗਿਆ। ਇਸ ਮੌਕੇ ਸ. ਸੇਖੋਂ ਨੇ ਦੱਸਿਆ ਕਿ ਪਸ਼ੂਗਣਨਾ ਵਿੱਚ ਪਸ਼ੂ ਪਾਲਣ ਵਿਭਾਗ ਵੱਲੋਂ ਹਰ ਕਿਸਮ ਦੇ ਪਸ਼ੂ ਧਨ ਦੀ ਗਿਣਤੀ ਨਸਲਾਂ ਅਤੇ ਉਮਰ ਦੇ ਹਿਸਾਬ ਨਾਲ ਕੀਤੀ ਜਾਵੇਗੀ। ਇਸ ਦੌਰਾਨ ਪਸ਼ੂ ਗਣਨਾ ਦੌਰਾਨ ਪਸ਼ੂਆਂ ਦੀਆਂ ਨਸਲਾਂ ਤੇ ਗਿਣਤੀ ਬਾਰੇ ਵੀ ਪਤਾ ਲੱਗ ਸਕੇਗਾ ਅਤੇ ਭਵਿੱਖ ਵਿੱਚ ਪਸ਼ੂ ਪਾਲਕਾਂ ਲਈ ਬੇਹਤਰ



ਪਾਲਿਸੀ ਤਿਆਰ ਕਰਨ ਵਿੱਚ ਮਦਦ ਮਿਲੇਗੀ। ਇਸ ਮੌਕੇ ਸ. ਸੇਖੋਂ ਵੱਲੋਂ ਆਮ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਇਸ ਗਣਨਾਂ ਵਿੱਚ ਵਿਭਾਗ ਨੂੰ ਪੂਰਾ-ਪੂਰਾ ਸਹਿਯੋਗ ਕੀਤਾ ਜਾਵੇ। ਅਰਥਇਸ ਮੌਕੇ ਉਨ੍ਹਾਂ ਦੱਸਿਆ ਕਿ ਪਸ਼ੂ ਗਣਨਾ ਪੰਜ ਸਾਲਾਂ ਬਾਅਦ ਕਰਵਾਈ ਜਾਂਦੀ ਹੈ । ਇਸ ਮੰਤਵ ਲਈ ਜਿਲ੍ਹੇ ਵਿੱਚ 43 ਇਨੰਮੂਰੇਟਰ ,9 ਸੁਪਰਵਾਈਜ਼ਰ, 1 ਜਿਲ੍ਹਾ ਨੋਡਲ ਅਫ਼ਸਰ, ਅਤੇ ਤਹਿਸੀਲ ਪੱਧਰ ਤੇ ਸੀਨੀਅਰ ਵੈਟਨਰੀ ਅਫਸਰ ਲਗਾਏ ਗਏ ਹਨ। ਇਨਮੂਨੇਟਰ ਜੋ ਘਰ-ਘਰ ਜਾ ਕੇ ਪਸ਼ੂਆਂ ਦਾ ਨਿਰੀਖਣ ਕਰਨਗੇ ਅਤੇ ਹਰ ਇੱਕ ਇੰਨਮੂਰੇਟਰ ਨੂੰ 3000 ਦੇ ਕਰੀਬ ਘਰ ਦਿੱਤੇ ਜਾਣਗੇ ਜੋ ਪਸ਼ੂਆਂ ਦੀਆਂ ਨਸਲਾਂ ਮੁਤਾਬਕ ਸਾਰੀ ਜਾਣਕਾਰੀ ਹਾਸਿਲ ਕਰ ਕੇ ਵਿਭਾਗ ਨੂੰ ਦੇਣਗੇ। ਇਹ ਸਾਰਾ ਕੰਮ ਆਨਲਾਈਨ ਕੀਤਾ ਜਾਵੇਗਾ ਤਾਂ ਜੋ ਜਿਲ੍ਹਾ ਪੱਧਰ ਤੇ 2 ਸਹਾਇਕ ਨਿਰਦੇਸ਼ਕ ਤੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਇਸ ਕੰਮ ਦੀ ਦੇਖ-ਰੇਖ ਨਾਲ ਦੀ ਨਾਲ ਕਰ ਸਕਣ। ਇਹ ਪਸ਼ੂ ਗਣਨਾ ਨੂੰ 60 ਦਿਨ ਵਿੱਚ ਮੁਕੰਮਲ ਕੀਤਾ ਜਾਵੇਗਾ। ਇਸ ਮੌਕੇ ਅਮਨਦੀਪ ਸਿੰਘ (ਬਾਬਾ)ਚੇਅਰਮੈਨ ਮਾਰਕਿਟ ਕਮੇਟੀ ਫਰੀਦਕੋਟ ,ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ.ਰਾਜਦੀਪ ਸਿੰਘ , ਸਹਾਇਕ ਨਿਰਦੇਸ਼ਕ ਡਾ. ਜਸਵਿੰਦਰ ਕੁਮਾਰ ਗਰਗ, ਸਹਾਇਕ ਨਿਰਦੇਸ਼ਕ ਡਾ.ਸੁਰਜੀਤ ਸਿੰਘ ਮੱਲ੍ਹ,ਸੁਰਿੰਦਰ ਸਿੰਘ ਪਸ਼ੂ ਭਲਾਈ ਬੋਰਡ ਮੈਂਬਰ, ਕੁਲਦੀਪ ਸਿੰਘ ਸੇਖੋਂ ,ਗੁਰਪ੍ਰੀਤ ਸਿੰਘ ,ਡਾ. ਗੁਰਵਿੰਦਰ ਸਿੰਘ, ਡਾ. ਪ੍ਰਵੀਨ ਕੁਮਾਰ , ਸਮੂਹ ਵੈਟਰਨਰੀ ਅਫਸਰ, ਵੈਟਰਨਰੀ ਇੰਸਪੈਕਟਰ ਅਤੇ ਗਊ ਸ਼ਾਲਾ ਦੇ ਪ੍ਰਧਾਨ ਵਜ਼ੀਰ ਚੰਦ ਗੁਪਤਾ, ਯੋਗੇਸ਼ ਗਰਗ, ਰਾਜੇਸ਼ ਗੁਪਤਾ ਰਮੇਸ਼ ਗੇਰਾ, ਲਵਪ੍ਰੀਤ ਸਿੰਘ ਆਦਿ ਅਧਿਕਾਰੀ/ ਕਰਮਚਾਰੀ ਅਤੇ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਹਾਜ਼ਰ ਸਨ।

## ਦਫਤਰੀ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਬਜਾਏ ਵਿਭਾਗ ਟਰਮੀਨੇਸ਼ਨਾਂ ਕਰਨ ਲੱਗਿਆ, ਰਾਜਵੀਰ ਦੀ ਟਰਮੀਨੇਸ਼ਨ ਵਿਭਾਗ ਦਾ ਨਿੰਦਣਯੋਗ ਕਾਰਾ

**ਕੱਚੇ ਅਤੇ ਪੱਕੇ ਮੁਲਾਜ਼ਮਾਂ ਪ੍ਰਤੀ ਵਿਭਾਗ ਤੇ ਸਰਕਾਰ ਦੀ ਪੱਖਪਾਤੀ ਨੀਤੀ ਜੱਗ ਜ਼ਾਹਿਰ, ਦਫਤਰੀ ਮੁਲਾਜ਼ਮ ਪਿਛਲੇ ਲੰਬੇ ਸਮੇਂ ਤੋਂ ਨੋਕਰੀ ਪੱਕੀ ਕਰਨ ਦੀ ਮੰਗ ਕਰਦੇ ਆ ਰਹੇ ਹਨ**

ਪੰਜਾਬ ਦਾ ਖੁਲਾਸਾ

**ਕੋਟਕਪੂਰਾ, 26 ਨਵੰਬਰ (ਗੁਰਦੀਪ ਸਿੰਘ ਢਿੱਲੋਂ)** :- ਭਗਵੰਤ ਮਾਨ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਦੀਆ ਮੰਗਾਂ ਮੰਨਣ ਦੇ ਬਾਵਜੂਦ ਲਾਗੂ ਨਾ ਹੋਣ ਤੇ ਮੁਲਾਜ਼ਮਾਂ ਦਾ ਸਰਕਾਰ ਖਿਲਾਫ ਰੋਸ ਵਧਦਾ ਜਾ ਰਿਹਾ ਹੈ ਮੁੱਖ ਮੰਤਰੀ ਵੱਲੋਂ 21 ਅਪ੍ਰੈਲ 2022 ਅਤੇ ਕੈਬਿਨਟ ਸਬ ਕਮੇਟੀ ਵੱਲੋਂ 14 ਮਾਰਚ 2024 ਨੂੰ ਮੰਗਾਂ ਮੰਨਣ ਦੇ ਬਾਵਜੂਦ ਵੀ ਵਿਭਾਗ ਵੱਲੋਂ ਮੰਗਾਂ ਨੂੰ ਅਮਲੀ ਜਾਮ ਨਹੀ ਪਹਿਨਾਇਆ ਗਿਆ 14 ਮਾਰਚ ਦੀ ਮੀਟਿੰਗ ਵਿਚ ਵਿੱਤ ਮੰਤਰੀ ਦੇ ਆਦੇਸ਼ਾ ਅਨੁਸਾਰ ਜਥੇਬੰਦੀ ਵੱਲੋਂ ਡੀ.ਜੀ.ਐਸ. ਈ ਨੂੰ ਐਫੀਡੈਵਿਟ ਵੀ ਦਿੱਤਾ ਸੀ ਵਿਭਾਗ ਅਤੇ ਸਰਕਾਰ ਦੀ ਕੱਚੇ ਮੁਲਾਜ਼ਮਾਂ ਪ੍ਰਤੀ ਪੱਖਪਾਤੀ ਨੀਤੀ ਜੱਗ ਜਾਹਿਰ ਹੋ ਗਈ ਹੈ ? ਮੁੱਖ ਮੰਤਰੀ ਭਗਵੰਤ ਮਾਨ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੱਚੇ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਬਣਦਾ ਮਾਨ ਸਨਮਾਨ ਅਤੇ ਹੱਕ ਦਿਵਾਉਣ ਦੀ ਗੱਲ ਕਰਦੇ ਸੀ ਪਰ ਸੱਤਾ ਵਿੱਚ ਆਉਣ ਤੋਂ ਬਾਅਦ ਕੱਚੇ ਮੁਲਾਜ਼ਮਾਂ ਤੋਂ ਮੁੱਖ ਹੀ ਮੋੜ ਲਿਆ ਸੂਬਾ ਸਰਕਾਰ ਨੇ ਮੁਲਾਜ਼ਮਾਂ ਨੂੰ ਰੈਗੂਲਰ ਤਾਂ ਕੀ ਕਰਨਾ ਸੀ ਉਲਟਾ ਆਪਣੇ ਵਾਅਦਿਆਂ ਤੋਂ ਪਲਟ ਕੇ ਤਨਦੇਹੀ ਨਾਲ ਕੰਮ ਕਰਦੇ ਮੁਲਾਜ਼ਮਾਂ ਨੂੰ ਨੋਕਰੀ ਕੱਢਣ ਦੇ ਹੁਕਮ ਚਾੜੇ ਜਾ ਰਹੇ ਹਨ ਪਿਛਲੇ 18 ਸਾਲਾਂ ਤੋਂ ਤਨਦੇਹੀ ਨਾਲ ਸਿੱਖਿਆ ਵਿਭਾਗ ਦਾ ਕੰਮ ਕਰ ਰਹੇ ਅਤੇ ਸਿੱਖਿਆ ਵਿਭਾਗ ਦੇ ਕੰਮਾਂ ਨੂੰ ਆਨਲਾਈਨ ਸਿਖਰਾਂ ਤੇ ਲੈ ਕੇ ਜਾਣ ਵਾਲੇ ਰਾਜਵੀਰ ਸਿੰਘ ਡਿਪਟੀ ਮੈਨੇਜਰ ਉਪਰ ਬੇਬੁਨਿਆਦ ਦੋਸ਼ ਮੜ੍ਹ ਕੇ ਨੋਕਰੀ ਤੋਂ ਕੱਢ ਦਿੱਤਾ ਗਿਆ ਰਾਜਵੀਰ ਦੀ ਐਨੇ ਸਾਲਾਂ ਦੀ ਦਿਨ ਰਾਤ ਕੀਤੀ ਮਿਹਨਤ ਦੀ ਬਦੋਲਤ ਸਿੱਖਿਆ ਵਿਭਾਗ ਵੱਲੋਂ ਬੱਚਿਆ, ਅਧਿਆਪਕਾਂ ਦਾ ਸਾਰਾ ਡਾਟਾ ਆਨਲਾਈਨ ਕੀਤਾ ਅਤੇ ਅਧਿਆਪਕਾਂ ਦੀਆ ਬਦਲੀਆ ਨੂੰ ਆਨਲਾਈਨ ਕਰਨ ਸਮੇਂ ਸੂਬਾ ਸਰਕਾਰ ਨੇ ਪੂਰੇ ਦੇਸ਼ ਵਿਚ ਵਾਹ ਵਾਹ ਵੀ ਖੱਟੀ ਅਤੇ ਅੱਜ ਉਸੇ ਰਾਜਵੀਰ ਨੂੰ ਕਿਸੇ ਹੋਰ ਪੱਕੇ ਮੁਲਾਜ਼ਮਾਂ ਦੀ ਗਲਤੀ ਦਾ ਦੋਸ਼ੀ ਬਣਾ ਕੇ ਨੋਕਰੀ ਤੋਂ ਕੱਢ ਦਿੱਤਾ ਗਿਆ ਪ੍ਰੈਸ ਬਿਆਨ ਜ਼ਾਰੀ ਕਰਦੇ ਹੋਏ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਫਰੀਦਕੋਟ ਦੇ ਆਗੂਆਂ ਦੀਪਕ ਨਾਰੰਗ, ਪੰਕਜ ਕੁਮਾਰ, ਰਣਬੀਰ ਸਿੰਘ, ਗੁਰਪ੍ਰੀਤ ਸਿੰਘ, ਸੰਗੀਤਾ ਛਾਬੜਾ ਨੇ ਕਿਹਾ 6 ਨਵੰਬਰ ਨੂੰ ਮੁੜ ਕੈਬਿਨਟ ਸਬ ਕਮੇਟੀ ਨਾਲ ਵਿੱਤ ਮੰਤਰੀ ਹਰਪਾਲ ਚੀਮਾ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿਚ ਸਿੱਖਿਆ ਵਿਭਾਗ ਅਤੇ ਮੁੱਖ ਸਕੱਤਰ ਦਫਤਰ ਦੇ ਅਧਿਕਾਰੀ ਮੌਜੂਦ ਸਨ ਆਗੂਆ ਨੇ ਕਿਹਾ ਕਿ ਮੁੱਖ ਮੰਤਰੀ ਦੇ ਫੈਸਲੇ ਤੋਂ ਬਾਅਦ ਕੈਬਿਨਟ ਸਬ ਕਮੇਟੀ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਤਨਖਾਹ ਕਟੋਤੀ ਦੂਰ ਕਰਨ ਦੇ ਫੈਸਲੇ ਲੈ ਕੇ 3 ਵਾਰ ਅਧਿਕਾਰੀਆ ਨੂੰ ਆਦੇਸ਼ ਦਿੱਤੇ ਪਰ ਸੂਬੇ ਦੀ ਅਫਸਰਸ਼ਾਹੀ ਨੇ ਮੁਲਾਜ਼ਮਾਂ ਦੇ ਮਸਲਿਆ ਤੇ ਕੋਈ ਕਾਰਵਾਈ ਨਹੀ ਕੀਤੀ ਬੀਤੀ 6 ਨਵੰਬਰ ਨੂੰ ਹੋਈ ਮੀਟਿੰਗ ਦੋਰਾਨ ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਅਧਿਕਾਰੀਆ ਨੂੰ ਲਿਖਤੀ ਆਦੇਸ਼ ਜ਼ਾਰੀ ਕਰਨ ਦੇ ਆਦੇਸ਼ ਦਿੱਤੇ ਗਏ ਅਤੇ ਸਰਕਾਰ ਵੱਲੋਂ 7 ਨਵੰਬਰ ਨੂੰ ਦਫਤਰੀ ਕਰਮਚਾਰੀਆ ਨੂੰ ਸਾਲ 2018 ਦੋਰਾਨ 8886 ਅਧਿਆਪਕਾਂ ਦੀ ਤਰਜ਼ ਤੇ ਰੈਗੂਲਰ ਕਰਨ ਦੇ ਲਿਖਤੀ ਆਦੇਸ਼ ਜ਼ਾਰੀ ਕੀਤੇ ਗਏ ਆਗੂਆ ਨੇ ਐਲਾਨ ਕੀਤਾ ਕਿ ਸਿੱਖਿਆ ਵਿਭਾਗ ਦੀ ਇਸ ਧੱਕੇਸ਼ਾਹੀ ਵਿਰੁੱਧ 28 ਨਵੰਬਰ ਨੂੰ ਸਮੂਹ ਦਫਤਰੀ ਕਰਮਚਾਰੀ ਸਮੂਹਿਕ ਛੁੱਟੀ ਲੈ ਕੇ ਡੀ.ਜੀ.ਐੱਸ.ਈ. ਦਫਤਰ ਦਾ ਘਿਰਾਓ ਕਰਨਗੇ ਅਤੇ ਪੱਕਾ ਧਰਨਾ ਸ਼ੁਰੂ ਕਰਨਗੇ ਆਗੂਆ ਨੇ ਕਿਹਾ ਕਿ ਜੇਕਰ ਸਰਕਾਰ ਤੇ ਵਿਭਾਗ ਨੇ ਮੁਲਾਜ਼ਮਾਂ ਦੀਆ ਮੰਗਾਂ ਦਾ ਠੋਸ ਹੱਲ ਨਾ ਕੀਤਾ ਤਾਂ ਮੁਲਾਜ਼ਮ ਸਮੁੱਚੇ ਪੰਜਾਬ ਦਾ ਕੰਮ ਠੱਪ ਕਰਕੇ ਸੜਕਾਂ ਤੇ ਰੋਸ ਪ੍ਰਦਰਸ਼ਨ ਕਰਨਗੇ।

# ਸੰਕਲਪ ਸੁਸਾਇਟੀ ਦੁਆਰਾ ਦੂਜੇ ਗੇੜ ਦੌਰਾਨ ਲੋੜਵੰਦਾਂ ਨੂੰ ਵੰਡੇ ਗਰਮ ਕੱਪੜੇ ਅਤੇ ਪੜ੍ਹਾਈ ਦਾ ਸਮਾਨ

ਪੰਜਾਬ ਦਾ ਖੁਲਾਸਾ

**ਸ੍ਰੀ ਮੁਕਤਸਰ ਸਾਹਿਬ, 26 ਨਵੰਬਰ (ਮਨਪ੍ਰੀਤ ਮੋਨੂੰ)**- ਸਮਾਜ ਸੇਵੀ ਸੰਸਥਾ ਸੰਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ (ਰਜਿ.) ਦੁਆਰਾ ਨੌਵੇਂ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਲੋੜਵੰਦਾਂ ਨੂੰ ਗਰਮ ਕੱਪੜੇ ਅਤੇ ਬੱਚਿਆਂ ਨੂੰ ਪੜ੍ਹਾਈ ਦਾ ਸਮਾਨ ਵੰਡਿਆ ਗਿਆ। ਜਾਣਕਾਰੀ ਦਿੰਦਿਆਂ ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਚੇਅਰਪਰਸਨ ਕੁਲਵਿੰਦਰ ਕੌਰ ਬਰਾੜ ਦੀ ਅਗਵਾਈ ਹੇਠ ਇਹ ਸਮਾਨ ਸਥਾਨਕ ਕੋਟਲੀ ਦੇਵਨ ਸਥਿਤ ਭੱਠੇ ਉੱਪਰ ਕੰਮ ਕਰਦੇ ਮਜ਼ਦੂਰਾਂ ਤੇ ਉਹਨਾਂ ਦੇ ਬੱਚਿਆਂ ਵਿੱਚ ਵੰਡਿਆ ਗਿਆ। ਕੁਲਵਿੰਦਰ ਕੌਰ ਬਰਾੜ ਨੇ ਦੱਸਿਆ ਕਿ ਸੰਕਲਪ ਐਜੂਕੇਸ਼ਨਲ ਵੈਲਫੇਅਰ ਸੋਸਾਇਟੀ ਸਾਲ 2011 ਤੋਂ ਸਮਾਜ ਭਲਾਈ ਦੇ ਕੰਮਾਂ ਜਿਵੇਂ ਕਿ ਸੜਕ ਸੁਰੱਖਿਆ ,ਸਿਹਤ, ਸਿੱਖਿਆ ,ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ, ਵਾਤਾਵਰਨ ਦੀ ਸੁਰੱਖਿਆ, ਪਾਣੀ ਦੀ ਸਾਂਭ ਸੰਭਾਲ ਅਤੇ ਸਸਤੀਆਂ ਸਰਕਾਰੀ ਸਿਹਤ ਸੇਵਾਵਾਂ ਨੂੰ ਲੈ ਕੇ ਆਮ ਲੋਕਾਂ ਨੂੰ ਚੇਤਨ ਕਰਦੀ ਆ ਰਹੀ ਹੈ। ਇਸ ਇਸ ਮੌਕੇ ਸੰਸਥਾ ਦੇ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਆਖਿਆ ਕਿ ਸੰਕਲਪ ਸੁਸਾਇਟੀ ਸਭਨਾ ਧਰਮਾਂ ਦਾ ਸਤਿਕਾਰ ਕਰਦੀ ਹੈ ਅਤੇ ਸਮੇਂ ਸਮੇਂ ਤੇ ਮਾਨਵਤਾ ਦੇ ਰਾਹ ਦਸੇਰਾ ਰਹੇ ਮਹਾਂਪੁਰਖਾਂ ਦੀਆਂ ਯਾਦਾਂ ਨੂੰ ਲੈ ਕੇ ਅਜਿਹੇ ਨਿਸ਼ਕਾਮ ਉਪਰਾਲੇ ਲਗਾਤਾਰ ਜਾਰੀ ਹਨ। ਸੰਧੂ ਨੇ ਦੱਸਿਆ ਕਿ ਇਹ ਸੇਵਾ ਕਾਰਜ ਕੇਵਿਨ ਚਾਹਲ, ਸੁਖਦੇਵ ਸਿੰਘ ਬਰਾੜ, ਪ੍ਰੀਤਇੰਦਰ ਸਿੰਘ, ਰਾਹੁਲ ਵਿਨਾਇਕ (ਸੰਚਾਲਕ ਐਸ.ਕੇ ਫਲੈਕਸ ਪ੍ਰਿੰਟਰਜ਼), ਸੁਮੀਤ ਸਿੰਘ (ਸੰਚਾਲਕ ਐਸ.ਐਸ ਲੈਪਟਾਪ), ਰਾਹੁਲ ਕਟਾਰੀਆ, ਅਮਰਜੋਤ ਸਿੰਘ ਘਾਰੂ, ਪਰਮਜੀਤ ਕੌਰ, ਪ੍ਰੀਤੀ ਵਿਨਾਇਕ, ਗੁਰਪ੍ਰੀਤ ਸਿੰਘ ਮੌੜ, ਪ੍ਰਿੰਸੀਪਲ ਇਕਬਾਲ ਸਿੰਘ ਤੇ ਹਰਵਿੰਦਦਰ ਸਿੰਘ ਹੈਪੀ (ਐਮ.ਡੀ ਬੁੱਕ ਮਾਈ ਹੋਰਡਿੰਗ) ਦੀ ਮਦਦ ਨਾਲ ਸਿਰੇ ਚਾੜ੍ਹਿਆ ਗਿਆ। ਇਸ ਮੌਕੇ ਮਾਧੋ ਸਿੰਘ ਰਾਜਪੁਰੋਹਿਤ, ਸੁਮੀਤ ਸਿੰਘ, ਅਮਰਜੀਤ ਸਿੰਘ ਘਾਰੂ (ਏ ਟੂ ਜ਼ ਐਡਵਰਟਾਈਜ਼ਿੰਗ), ਸੰਸਥਾ ਪ੍ਰਧਾਨ ਨਰਿੰਦਰ ਸਿੰਘ ਸੰਧੂ ਅਤੇ ਟੀਮ ਸੰਕਲਪ ਮੌਜੂਦ ਸਨ।





# ਸਹੋਦਿਆ ਖੋ-ਖੋ ਪ੍ਰਤੀਯੋਗਤਾ 'ਚ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਜੇਤੂ

ਪੰਜਾਬ ਦਾ ਖੁਲਾਸਾ

**ਕਪੂਰਥਲਾ, 26 ਨਵੰਬਰ ( ਕੌੜਾ )** - ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸਹੋਦਿਆ ਖੋ- ਖੋ ਅੰਡਰ 19 ਪ੍ਰਤੀਯੋਗਤਾ ( ਲੜਕੀਆਂ ) ਵਿੱਚ ਪਹਿਲੇ ਸਥਾਨ 'ਤੇ ਰਿਹਾ । ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਨੇ ਦੱਸਿਆ ਕਿ ਕਪੂਰਥਲਾ ਵਿਖੇ ਸਹੋਦਿਆ ਅੰਤਰ ਸਕੂਲ ਖੋ-ਖੋ ਅੰਡਰ 19 (ਲੜਕੀਆਂ ) ਪ੍ਰਤੀਯੋਗਤਾ ਕਰਵਾਈ ਗਈ ।

ਜਿਸ ਵਿੱਚ ਇਲਾਕੇ ਦੇ 13 ਸਕੂਲਾਂ ਨੇ ਭਾਗ ਲਿਆ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐਫ ਨੇ ਇਸ ਪ੍ਰਤੀਯੋਗਿਤਾ ਵਿੱਚ ਹਿੱਸਾ ਲੈਂਦਿਆਂ ਪਹਿਲਾ ਸਥਾਨ ਹਾਸਲ ਕੀਤਾ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਜੇਤੂ ਟੀਮ ਦੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਹੋਇਆਂ ਉਨ੍ਹਾਂ ਨੂੰ ਵਧਾਈ ਦਿੱਤੀ ।

# ਡਾ. ਗੁਰਪ੍ਰੀਤ ਕੌਰ ਨੂੰ ਪੁਆਧੀ ਪੰਜਾਬੀ ਸੱਥ ਵੱਲੋਂ ਕੀਤਾ ਗਿਆ ਸਨਮਾਨਿਤ

ਪੰਜਾਬ ਦਾ ਖੁਲਾਸਾ

**ਸ਼੍ਰੀ ਅਨੰਦਪੁਰ ਸਾਹਿਬ, 26 ਨਵੰਬਰ (ਕੰਵਲ ਜੋਤ ਸਿੰਘ/ਪਰਮਜੀਤ ਛੰਮਾ ਪਪਰਾਲੀ)** ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਹਾਇਕ ਪ੍ਰੋਫ਼ੈਸਰ ਡਾਕਟਰ ਗੁਰਪ੍ਰੀਤ ਕੌਰ ਨੂੰ ਉਨ੍ਹਾਂ ਦੀਆਂ ਅਕਾਦਮਿਕ, ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ ਸਦਕਾ ਵਿਸ਼ੇਸ਼ ਤੌਰ ਉੱਤੇ ਸਨਮਾਨਿਤ ਕੀਤਾ ਗਿਆ।ਵਰਨਣਯੋਗ ਹੈ ਕਿ ਡਾ. ਗੁਰਪ੍ਰੀਤ ਕੌਰ ਮੁਹਾਲੀ ਜ਼ਿਲ੍ਹੇ 'ਚ ਪੈਂਦੇ ਪਿੰਡ ਬਜੀਦਪੁਰ ਦੀ ਜੰਮਪਲ ਹੈ ਜੋ ਕਿ ਵਿਆਹ ਤੋਂ ਬਾਅਦ ਰੋਪੜ ਵਿਖੇ ਰਹਿ ਰਹੇ ਹਨ। ਉਨ੍ਹਾਂ ਮੁੱਢਲੀ ਸਿੱਖਿਆ ਤੋਂ ਬਾਅਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 'ਪੰਜਾਬੀ ਕਲੀ ਦਾ ਲੋਕਧਾਰਕ ਅਧਿਐਨ ਵਿਸ਼ੇ 'ਤੇ ਪੀ.ਐੱਚ.ਡੀ. ਕੀਤੀ । ਇਸ ਵੇਲੇ ਉਹ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਸੇਵਾਵਾਂ ਨਿਭਾ ਰਹੇ ਹਨ। ਪੰਜਾਬੀ ਸਾਹਿਤ ਸਮਾਲੋਚਨਾ 'ਚ ਉਨ੍ਹਾਂ ਦੀਆਂ ਚਾਰ ਪੁਸਤਕਾਂ ਜ਼ਿਕਰਯੋਗ ਹਨ। ਮੱਧਕਾਲੀਨ ਕਾਵਿ ਅਵਲੋਕਨ, ਗੁਰਮਤਿ ਸਾਹਿਤ ਦਰਸ਼ਨ, 'ਪੰਜਾਬੀ ਲੋਕਧਾਰਾ ਸਿਧਾਂਤ ਤੇ ਵਿਹਾਰ ਅਤੇ ਪੰਜਾਬੀਅਤ ਦਾ ਮੁਦਈ ਡਾ. ਐੱਮ. ਐੱਸ.ਰੰਧਾਵਾ। ਉਨ੍ਹਾਂ ਇੱਕ ਸਫ਼ਲ ਸੰਪਾਦਕ ਵਜੋਂ ਆਪ ਨੇ 'ਮੇਰਾ ਜੀਵਨ ਅਨੁਭਵ, ਅੱਖਰ ਗਿਆਨ, ਜੀਵਨ ਵਿਹਾਰ ਅਤੇ ਕਹਾਣੀ ਸੰਸਾਰ ਪੁਸਤਕਾਂ ਸੰਪਾਦਿਤ ਕੀਤੀਆਂ।ਆਪ ਦੇ 70 ਦੇ ਲਗਭਗ ਖੋਜ ਨਿਬੰਧ ਵੀ ਛਪੇ ਹੋਏ ਹਨ। ਜਿਸ ਸਦਕਾ ਪੰਜਾਬੀ ਦੀਆਂ,ਪੰਜਾਬ ਤੇ ਕੈਨੇਡਾ ਦੀਆਂ ਸਹਿਤ ਸਭਾਵਾਂ ਵਲੋਂ ਵੱਖ-ਵੱਖ ਸਮੇਂ ਅਤੇ ਪੰਜਾਬ ਸਰਕਾਰ ਵਲੋਂ 15 ਅਗਸਤ 2023 ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ।ਇਸ ਤਹਿਤ ਹੁਣ ਡਾ.ਗੁਰਪ੍ਰੀਤ ਕੌਰ ਨੂੰ ਪੁਆਧੀ ਪੰਜਾਬੀ ਸੱਥ ਵੱਲੋਂ ਸ. ਮਨਮੋਹਨ ਸਿੰਘ ਦਾਊਂ ਦੀ ਅਗਵਾਈ 'ਚ ਹੋਏ ਸਾਲਾਨਾ 21ਵੇਂ ਸਮਾਗਮ ਦੌਰਾਨ ਸਰਦਾਰਨੀ ਰਵਿੰਦਰ ਕੌਰ ਪਲੇਠਾ ਪੁਰਸਕਾਰ 2024 ਨਾਲ ਸਨਮਾਨਿਤ ਕੀਤਾ ਗਿਆ ਹੈ।



# ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਬੀ.ਐਸ.ਐਫ. 116 ਬਟਾਲੀਅਨ ਨੇ ਕੱਢੀ ਸਾਇਕਲ ਰੈਲੀ



ਪੰਜਾਬ ਦਾ ਖੁਲਾਸਾ

**ਮਮਦੋਟ, 26 ਨਵੰਬਰ (ਸ਼ਰਮਾਂ)** ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਤੋ ਬਚਾਉਣ ਦੇ ਮੰਤਵ ਨੂੰ ਲੈ ਕੇ ਬੀ.ਐਸ.ਐਫ. 116 ਬਟਾਲੀਅਨ ਵੱਲੋ ਸੈਕਟਰ ਮਮਦੋਟ ਤੋ ਇੱਕ ਸਾਇਕਲ ਰੈਲੀ ਦਾ ਆਯੋਜਨ ਕੀਤਾ ਗਿਆ । ਇਸ ਰੈਲੀ ਦੌਰਾਨ ਮੁੱਖ ਮਹਿਮਾਨ ਵਜੋ ਪਹੁੰਚੇ ਡੀ.ਆਈ.ਜੀ. ਬ੍ਰਿਜ ਵਿਜੈ ਸਿੰਘ ਰਾਣਾ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ , ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਤੋ ਇਲਾਵਾ ਵਿੱਕੀ ਮਦਾਨ ਪ੍ਰਧਾਨ ਵਪਾਰ ਸੈੱਲ ਅਤੇ ਸਮੂਹ ਐਮ.ਸੀਜ ਨਗਰ ਪੰਚਾਇਤ ਮਮਦੋਟ ਵਿਸ਼ੇਸ਼ ਤੌਰ ਤੇ ਹਾਜਰ ਸਨ । ਇਸ ਮੌਕੇ ਤੇ ਬੀ.ਐਸ.ਐਫ. ਦੇ ਡੀ.ਆਈ.ਜੀ. ਸ੍ਰੀ ਰਾਣਾ ਦੇ ਦੱਸਿਆਂ ਕਿ 470 ਕਿਲੋਮੀਟਰ ਦੀ ਦੂਰੀ ਤਹਿਤ ਕਰਨ ਵਾਲੀ ਇਹ ਸਾਇਕਲ ਰੈਲੀ ਨਸ਼ਿਆਂ ਤੋ ਨੌਜਵਾਨਾਂ ਨੂੰ ਜਾਗਰੂਕ ਕਰਨ ਸਬੰਧੀ ਫਾਜਿਲਕਾ ਦੀ ਸਾਦਕੀ ਚੌਕੀ ਤੋ ਸ਼ੁਰੂ ਹੋ ਕੇ ਸਰਹੱਦ ਦੇ ਨਾਲ-ਨਾਲ ਵਾਇਆ ਮਮਦੋਟ ਹੁੰਦੀ ਹੋਈ ਹੁਸੈਨੀਵਾਲਾ ਬਾਰਡਰ ਤੋ ਵਾਹਗਾ ਅਟਾਰੀ ਬਾਰਡਰ ਵਿਖੇ ਪਹੁੰਚੇਗੀ ਅਤੇ ਕਰਤਾਰਪੁਰ ਕੋਰੀਡੋਰ ਨਜ਼ਦੀਕ ਜਾ ਕੇ ਇਹ ਸਾਇਕਲ ਰੈਲੀ ਸਮਾਪਤ ਹੋਵੇਗੀ । ਉਨ ਾਂ ਨੇ ਦੱਸਿਆ ਕਿ ਇਸ ਸਾਇਕਲ ਰੈਲੀ ਵਿੱਚ ਸਰਹੱਦੀ ਇਲਾਕੇ ਦੇ 50 ਤੋ ਵੱਧ ਨੌਜਵਾਨ ਹਿੱਸਾ ਲੈ ਰਹੇ ਹਨ , ਜਿੰਨ ਾਂ ਵਿੱਚ ਮਮਦੋਟ ਸਾਇਕਲ ਗਰੁੱਪ ਦੀ ਅਗਵਾਈ ਡਾ:ਜੁਗਰਾਜ ਸਿੰਘ ਕਰ ਰਿਹਾ ਹੈ । ਇਸ ਮੌਕੇ ਤੇ ਸਾਦਾ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸਕੂਲੀ ਬੱਚਿਆਂ ਵੱਲੋ ਨਸ਼ਿਆਂ ਵਿਰੁੱਧ ਨਾਟਕ ਅਤੇ ਗੀਤ ਵੀ ਪੇਸ਼ ਕੀਤੇ ਗਏ। ਇਸ ਰੈਲੀ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਨਸ਼ਿਆਂ ਤੋ ਬਚਾਉਣਾ ਅਤੇ ਖੇਡਾਂ ਪ੍ਰਤੀ ਉਤਸ਼ਾਹਿਤ ਕਰਨਾ ਹੈ , ਤਾਂ ਜੋ ਨੌਜਵਾਨਾਂ ਵਿੱਚ ਦੇਸ਼ ਪ੍ਰਤੀ ਪਿਆਰ ਅਤੇ ਸਤਿਕਾਰ ਵਿੱਚ ਵਾਧਾ ਹੋ ਸਕੇ ਅਤੇ ਨੌਜਵਾਨਾਂ ਵਿੱਚ ਭ੍ਰਾਤਰੀ ਭਾਵ ਪੈਦਾ ਕਰਨਾ ਹੈ।

# ਪਿੰਡ ਵਾਂਦਰ ਵਿਖੇ 11 ਲੋੜਵੰਦ ਗਰੀਬ ਲੜਕੀਆਂ ਦੇ ਵਿਆਹ ਕਾਰਜ 30 ਨਵੰਬਰ ਨੂੰ ਕੀਤੇ ਜਾਣਗੇ

ਪੰਜਾਬ ਦਾ ਖੁਲਾਸਾ

**ਬਾਜਾਖਾਨਾ, 26 ਨਵੰਬਰ (ਅਵਤਾਰ ਸਿੰਘ ਮੱਲਾ)** ਪਿੰਡ ਵਾਂਦਰ ਵਿਖੇ 11 ਲੋੜਵੰਦ ਲੜਕੀਆਂ ਦੇ ਵਿਆਹ ਕਾਰਜ 30 ਨਵੰਬਰ ਨੂੰ ਕੀਤੇ ਜਾਣਗੇ। ਪੰਥਕ ਆਗੂ ਭਾਈ ਰਣਜੀਤ ਸਿੰਘ ਵਾਂਦਰ ਦੀ ਅਗਵਾਈ ਵਿੱਚ ਅਤੇ ਬਾਬਾ ਰੇਸਮ ਸਿੰਘ ਖਖਰਾਣਾ ਅਤੇ ਸਤਿਕਾਰ ਕਮੇਟੀ ਵਾਂਦਰ ਅਤੇ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਵਿਖੇ 30 ਨਵੰਬਰ ਦਿਨ ਸ਼ਨੀਵਾਰ 2024 ਨੂੰ ਲੋੜਵੰਦ ਗਰੀਬ ਪਰਿਵਾਰ ਦੀਆਂ ਲੜਕੀਆਂ ਦੇ ਵਿਆਹ ਕਾਰਜ ਆਨੰਦ ਕਾਰਜ ਦੀ ਰਸਮ ਹੋਵੇਗੀ। ਇਸ ਸਮੇਂ ਲੋੜ ਮੁਤਾਬਕ ਸਮਾਨ ਦਿੱਤਾ ਜਾਵੇਗਾ ,ਇਹ ਕੰਨਿਆ ਨੂੰ ਦਾਨ ਕਰਨਾ ਵੱਡਾ ਪੁੰਨ ਹੈ ਸੰਗਤਾਂ ਸੇਵਾ ਕਰਕੇ ਲਾਹਾ ਪ੍ਰਾਪਤ ਕਰ ਸਕਦੀਆਂ ਹਨ। ਇਸ ਸਮਾਗਮ ਵਿੱਚ ਧਾਰਮਿਕ ਦੀਵਾਨ ਸਜਾਏ ਜਾਣਗੇ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਹੋਵੇਗਾ ਅਤੇ ਰਾਗੀ ਢਾਡੀ ਕਥਾਵਾਚਕ ਗੁਰ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ।ਜਿਕਰਯੋਗ ਹੈ ਕਿ ਇਸ ਸਮਾਗਮ ਵਿੱਚ ਸਿੰਘ ਸਾਹਿਬਾਨ ਸੰਤ ਮਹਾਂਪੁਰਖ ਸਮਾਜ ਸੇਵੀ ਪੰਥਕ ਆਗੂ ਹਾਜ਼ਰੀਆਂ ਭਰਨਗੇ। ਇਹ ਸਮਾਗਮ ਵਿੱਚ ਸਮੂਹ ਸੰਗਤਾਂ ਨੂੰ ਪ੍ਰਬੰਧਕਾਂ ਵੱਲੋਂ ਅਪੀਲ ਕੀਤੀ ਜਾਂਦੀ ਹੈ ਵੱਧ ਚੜ ਕੇ ਸਹਿਯੋਗ ਦਿੱਤਾ ਜਾਵੇ। ਇਸ ਸਮਾਗਮ ਵਿੱਚ ਟੈਂਟ ਦੀ ਸੇਵਾ ਲੰਗਰ ਦੀ ਸੇਵਾ ਕਿਸੇ ਵੀ ਪ੍ਰਕਾਰ ਦੀ ਸੇਵਾ ਫਰਨੀਚਰ ਦੀ ਸੇਵਾ ਮਠਿਆਈ ਦੀ ਸੇਵਾ ਹਲਵਾਈ ਦੀ ਸੇਵਾ ਸਬਜੀ ਦੀ ਸੇਵਾ ਸਪੀਕਰ ਦੀ ਸੇਵਾ ਕਿਸੇ ਵੀ ਤਰ੍ਹਾਂ ਦੀ ਸੇਵਾ ਨਿਭਾ ਸਕਦਾ ਹੈ । ਇਸ ਸਮਾਗਮ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ।ਇਹ ਸਮਾਗਮ ਐਨਆਰਆਈ ਵੀਰ ਪਿੰਡ ਵਾਂਦਰ ਦੀ ਸੰਗਤ ਸਮੂਹ ਕਲੱਬ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਗ੍ਰਾਮ ਪੰਚਾਇਤ ਸਾਰਿਆਂ ਦੇ ਸਹਿਯੋਗ ਨਾਲ ਅਤੇ ਬਲਵਿੰਦਰ ਸਿੰਘ ਬਾਗੀ ਖਾਲਸਾ, ਜਥੇਦਾਰ ਹਰਿਮੰਦਰ ਸਿੰਘ ਖਾਲਸਾ, ਭਾਈ ਹਰਪ੍ਰੀਤ ਸਿੰਘ ਖਾਲਸਾ, ਰੇਸਮ ਸਿੰਘ ਖਾਲਸਾ ,ਸੁਖਦੇਵ ਸਿੰਘ ਪੱਪੀ ਖਾਲਸਾ ਅਤੇ ਸਤਿਕਾਰ ਕਮੇਟੀ ਦੇ ਗਗਨਦੀਪ ਸਿੰਘ, ਰਸਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਜੱਗਾ ਸਿੰਘ ,ਜਗਦੀਪ ਸਿੰਘ ਗੱਗੀ, ਕਰਨਦੀਪ ਸਿੰਘ, ਦਿਲਜੀਤ ਸਿੰਘ, ਡਾਕਟਰ ਸੁਖਦੀਪ ਸਿੰਘ ,ਸੀਪਾ ਪਿਆਰਾ ਸਿੰਘ,ਬਲਦੇਵ ਸਿੰਘ ਅਤੇ ਹੋਰ ਸੇਵਾਦਾਰ ਸਾਰੇ ਸੇਵਾਵਾਂ ਨਿਭਾਉਣਗੇ ।




# ਤਾਰੇ ਹਨੇਰੇ ਵਿੱਚ ਚਮਕਦੇ ਹਨ, ਇਨਸਾਨ ਸੰਘਰਸ਼ ਵਿੱਚ ਚਮਕਦੇ ਹਨ

ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 26 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਆਧਾਰਸ਼ਿਲਾ ਸਕੂਲ ਦੇ ਡਾਇਰੈਕਟਰ ਡਾ: ਰਾਜੀਵ ਗੁਪਤਾ ਨੇ ਆਪਣੇ ਦਫ਼ਤਰ ਵਿੱਚ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਜ਼ਿੰਦਗੀ ਦੀ ਇਸ ਡੂੰਘੀ ਸੱਚਾਈ ਨੂੰ ਸਾਂਝਾ ਕੀਤਾ। ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਤਾਰੇ ਹਨੇਰੀ ਰਾਤ ਵਿੱਚ ਹੀ ਚਮਕਦੇ ਹਨ, ਉਸੇ ਤਰ੍ਹਾਂ ਸਾਡੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਸਾਨੂੰ ਆਪਣੀ ਤਾਕਤ ਅਤੇ ਪ੍ਰਤਿਭਾ ਨੂੰ ਪਛਾਣਨ ਦਾ ਮੌਕਾ ਦਿੰਦੀਆਂ ਹਨ। ਡਾ: ਗੁਪਤਾ ਨੇ ਕਿਹਾ, "ਜੇਕਰ ਤੁਸੀਂ ਆਪਣੀ ਜ਼ਿੰਦਗੀ ਨੂੰ ਸੁਧਾਰਨਾ ਚਾਹੁੰਦੇ ਹੋ, ਤਾਂ ਸਖ਼ਤ ਮਿਹਨਤ ਕਰਨੀ ਜ਼ਰੂਰੀ ਹੈ। ਸਖ਼ਤ ਮਿਹਨਤ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਹਰ ਦਰਦ, ਹਰ ਸੰਘਰਸ਼ ਸਾਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ।" ਉਨ੍ਹਾਂ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਅਤੇ ਅਨੁਸ਼ਾਸਨ ਦੀ ਮਹੱਤਤਾ ਬਾਰੇ ਦੱਸਦਿਆਂ ਪ੍ਰੇਰਿਤ ਕੀਤਾ। ਉਸਨੇ ਇਹ ਵੀ ਕਿਹਾ ਕਿ ਅਸਫਲਤਾਵਾਂ ਹੀ ਸਾਨੂੰ ਸਿਖਾਉਣ ਅਤੇ ਆਪਣੀਆਂ ਗਲਤੀਆਂ ਨੂੰ ਸੁਧਾਰਨ ਦਾ ਮੌਕਾ ਦਿੰਦੀਆਂ ਹਨ। ਵਿਦਿਆਰਥੀਆਂ ਨੇ ਇਸ ਪ੍ਰੇਰਨਾਦਾਇਕ ਸੰਦੇਸ਼ ਨੂੰ ਧਿਆਨ ਨਾਲ ਸੁਣਿਆ ਅਤੇ ਇਸ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ ਦਾ ਵਾਅਦਾ ਕੀਤਾ। ਡਾ.ਗੁਪਤਾ ਦਾ ਇਹ ਸੰਦੇਸ਼ ਨਾ ਸਿਰਫ਼ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ ਅਤੇ ਸਕਾਰਾਤਮਕਤਾ ਵਧਾਉਂਦਾ ਹੈ ਸਗੋਂ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨ ਲਈ ਵੀ ਪ੍ਰੇਰਿਤ ਕਰਦਾ ਹੈ।



# ਲੇਖਿਕਾ ਸੁਖਵਿੰਦਰ ਕੌਰ ਫਰੀਦਕੋਟ ਨਾਲ ਇੱਕ ਸਾਹਿਤਕ ਮੁਲਾਕਾਤ ਐਂਕਰ ਖੁਸ਼ਪ੍ਰੀਤ ਸ਼ੇਰਗਿੱਲ ਨਾਲ

ਪੰਜਾਬ ਦਾ ਖੁਲਾਸਾ

**ਬਠਿੰਡਾ, 26 ਨਵੰਬਰ (ਪੱਤਰ ਪ੍ਰੇਰਕ) :** - ਲੇਖਿਕਾ ਸੁਖਵਿੰਦਰ ਕੌਰ ਫਰੀਦਕੋਟ ਸਾਹਿਤ ਜਗਤ ਵਿੱਚ ਜਾਣਿਆ - ਪਛਾਣਿਆ ਨਾਉਂ ਹੈ। ਬਠਿੰਡਾ ਤੇ ਦੂਰ - ਦੁਰਾਡੇ ਹੋਣ ਵਾਲੇ ਹਰ ਸਾਹਿਤਕ ਸਮਾਗਮਾਂ ਵਿੱਚ ਸੁਖਵਿੰਦਰ ਦੀ ਸ਼ਮੂਲੀਅਤ ਅਕਸਰ ਦੇਖਣ ਨੂੰ ਮਿਲਦੀ ਹੈ। ਜਿੱਥੇ ਉਹ ਆਪਣੀਆਂ ਲਿਖਤਾਂ ਦੀਆਂ ਪੇਸ਼ਕਾਰੀਆਂ ਰਾਹੀਂ ਸਾਹਿਤਕ ਪ੍ਰੇਮੀਆਂ ਤੋਂ ਚੋਖੀ ਬੱਲੇ - ਬੱਲੇ ਖੱਟਣ ਵਿੱਚ ਸਫਲ ਰਹਿੰਦੀ ਹੈ। ਇਸੇ ਕਰਕੇ ਹੁਣ ਉਹ ਚੰਗੇ ਲੇਖਕਾਂ ਦੀ ਕਤਾਰ ਵਿੱਚ ਪੁੱਜਣ 'ਚ ਕਾਮਯਾਬ ਹੋ ਗਈ ਹੈ। ਉਸਨੇ ਹੁਣ ਤੱਕ ਜੋ ਵੀ ਲਿੱਖਿਆ ਸਾਹਿਤਕ , ਸਭਿਆਚਾਰਕ , ਗੁਣਾਤਮਿਕ ਅਤੇ ਸਾਡੇ ਸਮਾਜ ਨੂੰ ਸੇਧਪੂਰਵਕ ਲਿਖਤਾਂ ਹੀ ਦਿੱਤੀਆਂ ਹਨ। ਸੁਖਵਿੰਦਰ ਕੌਰ ਦੀਆਂ ਲਿਖਤਾਂ ਅਕਸਰ ਪੰਜਾਬੀ ਦੇ ਵੱਖ - ਵੱਖ ਅਖਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ , ਜਿਨ੍ਹਾਂ ਨੂੰ ਪਾਠਕ ਬੜੀ ਰੌਚਕਤਾ ਨਾਲ ਪੜਦੇ ਹਨ। ਸੁਖਵਿੰਦਰ ਕੌਰ ਦੀਆਂ ਹੁਣ ਤੱਕ ਦੋ ਪੁਸਤਕਾਂ " ਔਰਤਾਂ ਨੂੰ ਹੀ ਗਾਲ੍ਹਾਂ ਕਿਉਂ ਅਤੇ ਨਾ ਧੀਏ ਨਾ ਆ ਚੁੱਕੀਆਂ ਹਨ ਅਤੇ ਇਨ੍ਹਾਂ ਦੋਵਾਂ ਪੁਸਤਕਾਂ ਵਿੱਚ ਉਸਨੇ ਔਰਤ ਦੇ ਦਰਦ ਦੀ ਗੱਲ ਕੀਤੀ ਹੈ। ਇਨ੍ਹਾਂ ਪੁਸਤਕਾਂ ਤੋਂ ਇਲਾਵਾ ਸੁਖਵਿੰਦਰ ਕੌਰ ਆਪਣੇ ਸਕੂਲ ਵਿੱਚ ਵੀ ਵਿਦਿਆਰਥੀਆਂ ਨੂੰ ਵੱਖ - ਵੱਖ ਢੰਗ - ਤਰੀਕਿਆਂ ਨਾਲ ਪੜਾਈ ਪ੍ਰਤੀ ਅਤੇ ਆਪਣੀ ਆਉਣ ਵਾਲੀ ਜਿੰਦਗੀ ਵਿੱਚ ਹਰ ਸਮੱਸਿਆ ਨੂੰ ਨਕਾਰ ਕੇ ਉਸਤੇ ਭਾਰੂ ਹੋਣ ਦੀਆਂ ਵਿਧੀਆਂ ਬਾਰੇ ਵੀ ਜਾਗਰੂਕ ਕਰਦੀ ਰਹਿੰਦੀ ਹੈ , ਇਸਦੇ ਨਾਲ ਹੀ ਵਿਦਿਆਰਥੀਆਂ ਨੂੰ ਵੱਖ - ਵੱਖ ਇਤਿਹਾਸਕ ਸਥਾਨਾਂ ਦੇ ਵਿਦਿਅਕ ਟੂਰ ਲਵਾਉਣੇ ਉਸਦੀ ਖ਼ਾਸੀਅਤ ਹੈ। ਬੀਤੇ ਦਿਨੀਂ ਬਠਿੰਡਾ ਤੋਂ ਸੱਤਪਾਲ ਮਾਨ ਦੇ ਯੂਟਿਊਬ ਦੇ ਚੈਨਲ " ਸੁਪਨ ਉਡਾਰੀ " ਐਂਕਰ ਖੁਸ਼ਪ੍ਰੀਤ ਕੌਰ ਸ਼ੇਰਗਿੱਲ ਨੇ ਸੁਖਵਿੰਦਰ ਕੌਰ ਦੀ ਇੱਕ ਵਿਸ਼ੇਸ਼ ਇੰਟਰਵਿਊ ਕੀਤੀ , ਜੋ ਜਲਦੀ ਹੀ ਪ੍ਰਸਾਰਿਤ ਹੋਵੇਗੀ। ਇਸ ਇੰਟਰਵਿਊ ਵਿੱਚ ਸੁਖਵਿੰਦਰ ਕੌਰ ਨੇ ਆਪਣੀ ਜਿੰਦਗੀ , ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੀਆਂ ਬੇਬਾਕ ਗੱਲਾਬਾਤਾ ਕੀਤੀਆਂ , ਜੋ ਸੇਧਪੂਰਵਕ ਸਾਬਿਤ ਹੋਣਗੀਆਂ।



# ਗਾਇਕ ਸੁਖਦੇਵ ਮਾਣਕ ਦਾ ਨਵਾਂ ਗੀਤ ਕਨੇਡਾ ਵਾਲਾ ਵਰ ਜਲਦ ਰਿਲੀਜ਼ ਹੋਵੇਗਾ

ਪੰਜਾਬ ਦਾ ਖੁਲਾਸਾ

**ਬਠਿੰਡਾ, 26 ਨਵੰਬਰ (ਸੱਤਪਾਲ ਮਾਨ)** - ਸ਼ਹਿਰ ਗਿੱਦੜਬਾਹਾ ਨੂੰ ਮਹਾਨ ਗਾਇਕ ਕਲਾਕਾਰਾਂ ਦੀ ਧਰਤੀ ਦੀ ਉਪਜ ਵੱਜੋਂ ਜਾਣਿਆ ਜਾਂਦਾ ਹੈ , ਜੇਕਰ ਇਸ ਸ਼ਹਿਰ ਨੂੰ ਗਾਇਕਾਂ ਦੀ ਨਰਸਰੀ ਦਾ ਨਾਉਂ ਦਿੱਤਾ ਜਾਵੇ ਤਾਂ ਇਹ ਕਥਨ ਕੋਈ ਗਲਤ ਸਾਬਤ ਨਹੀਂ ਹੋਵੇਗਾ। ਇਸੇ ਨਰਸਰੀ ਦੀ ਇੱਕ ਨਵੀਂ ਉਪਜ ਹੈ ਗਾਇਕ ਸੁਖਦੇਵ ਮਾਣਕ , ਜਿਸਨੇ ਸੋਲੋ ਗੀਤਾਂ ਅਤੇ ਦੁਗਾਣਾ ਗਾਇਕੀ ਵਿੱਚ ਪੈਰ ਧਰਿਆ ਹੈ ਅਤੇ ਉਹ ਲਗਾਤਾਰ ਆਪਣੇ ਮਿੱਥੇ ਟੀਚੇ ਦੇ ਨਜਦੀਕ ਪੁੱਜਣ ਲਈ ਯਤਨਸ਼ੀਲ ਹੈ। ਗਾਇਕ ਸੁਖਦੇਵ ਮਾਣਕ ਦਾ ਕਹਿਣਾ ਹੈ ਕਿ ਇਸ ਗਿੱਦੜਬਾਹਾ ਦੀ ਧਰਤੀ ਦੇ ਜੰਮਪਲ ਗਾਇਕ , ਜਿੰਨਾ ਨੇ ਆਪਣੀ ਸਾਫ - ਸੁਥਰੀ ਗਾਇਕੀ ਰਾਹੀਂ ਵਿਸ਼ਵ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਉਸੇ ਤਰ੍ਹਾਂ ਹੀ ਮੈਂ ਵੀ ਉਹਨਾਂ ਮਹਾਨ ਗਾਇਕਾ ਦੀਆਂ ਪੈੜਾਂ ਵਿੱਚ ਪੈੜਾਂ ਧਰਦਾ ਹੋਇਆ ਆਪਣੀ ਸਾਫ - ਸੁਥਰੀ ਗਾਇਕੀ ਰਾਹੀਂ ਅੱਗੇ ਵੱਧਣ ਦਾ ਉਪਰਾਲਾ ਕਰ ਰਿਹਾ ਹਾਂ। ਸੁਖਦੇਵ ਮਾਣਕ ਦਾ ਇਹ ਵੀ ਕਹਿਣਾ ਹੈ ਕਿ ਮੈਂ ਇਹ ਮੁਕਾਮ ਹਾਸਲ ਕਰਨ ਲਈ ਹਮੇਸ਼ਾ ਵੱਧੀਆ ਤੇ ਪਰਿਵਾਰਕ ਗੀਤਾਂ ਦਾ ਹੀ ਸਹਾਰਾ ਲਵਾਂਗਾ। ਗਾਇਕ ਸੁਖਦੇਵ ਮਾਣਕ ਦੇ ਹੁਣ ਤੱਕ ਅਨੇਕਾਂ ਸੋਲੋ ਤੇ ਦੁਗਾਣਾ ਗੀਤ ਮਾਰਕੀਟ ਵਿੱਚ ਆਏ ਤੇ ਉਸਦੇ ਪ੍ਰਸੰਸਕਾਂ ਨੇ ਉਸਦੇ ਗੀਤਾਂ ਨੂੰ ਕਬੂਲਦਿਆ ਉਸਦੀ ਭਰਪੂਰ ਪ੍ਰਸੰਸਾ ਕੀਤੀ। ਹੁਣ ਉਸਦਾ ਨਵਾਂ ਦੁਗਾਣਾ ਗੀਤ " ਕਨੇਡਾ ਵਾਲਾ ਵਰ " ਉਸਦੀ ਗਾਇਕ ਸਾਥਣ ਕਮਲ ਸ਼ੇਰਗਿੱਲ ਨਾਲ ਰਿਕਾਰਡ ਹੋਇਆ ਹੈ , ਜੋ ਆਉਣ ਵਾਲੀ 01 ਦਸੰਬਰ ਨੂੰ ਉਸਦੇ ਨਿੱਜੀ ਚੈਨਲ ਐਸ.ਐਮ. ਸੁਖਦੇਵ ਮਾਣਕ ਤੇ ਰਿਲੀਜ਼ ਕੀਤਾ ਜਾਣਾ ਹੈ। ਇਸ " ਕਨੇਡਾ ਵਾਲਾ ਵਰ " ਗੀਤ ਦਾ ਗੀਤਕਾਰ ਹੈ ਭਿੰਦਰ ਕਾਂਝਲਾ ਅਤੇ ਇਸਨੂੰ ਸੰਗੀਤ ਦਿੱਤਾ ਹੈ ਜੇ.ਬੀ.ਆਰ. ਨੇ। ਗਾਇਕ ਸੁਖਦੇਵ ਮਾਣਕ ਅਤੇ ਗਾਇਕਾ ਕਮਲ ਸ਼ੇਰਗਿੱਲ ਦਾ ਕਹਿਣਾ ਹੈ ਕਿ ਸਾਡੇ ਇਸ ਗੀਤ ਨੂੰ ਪੰਜਾਬੀ ਸਰੋਤੇ ਅਤੇ ਸਾਡੇ ਪ੍ਰਸੰਸਕ ਜਰੂਰ ਪਸੰਦ ਕਰਨਗੇ।




# ਖੇਡਾਂ ਵਤਨ ਦੀਆਂ ਵਿੱਚ ਕੰਨਿਆ ਸਕੂਲ ਜੈਤੋ ਦੀ ਟੀਮ ਵਾਲੀਬਾਲ ਵਿੱਚ ਜੇਤੂ ਰਹੀ

## ਸਕੂਲ ਦੇ ਸਮੂਹ ਸਟਾਫ ਵੱਲੋਂ ਜੇਤੂ ਖਿਡਾਰੀਆਂ ਨੂੰ ਦਿੱਤੀ ਵਧਾਈ

ਪੰਜਾਬ ਦਾ ਖੁਲਾਸਾ

**ਜੈਤੋ, 26 ਨਵੰਬਰ (ਮਨਜੀਤ ਸਿੰਘ ਢੱਲਾ)**-ਪਿਛਲੇ ਦਿਨੀਂ ਹੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਅਤੇ ਨੌਜਵਾਨਾਂ ਨੂੰ ਖੇਡਾਂ ਰਾਹੀਂ ਗਰਾਊਂਡ ਵੱਲ ਲੈ ਕੇ ਜਾਣ ਦੇ ਮਕਸਦ ਨਾਲ ਜਲੰਧਰ ਵਿਖੇ 19 ਨਵੰਬਰ ਤੋਂ 21 ਨਵੰਬਰ ਤੱਕ ਖੇਡਾਂ ਵਤਨ ਦੀਆਂ ਦੇ ਪੰਜਾਬ ਪੱਧਰ ਤੇ ਮੁਕਾਬਲੇ ਕਰਵਾਏ ਗਏ। ਇਨਾ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਜ਼ਿਲਾ ਫਰੀਦਕੋਟ ਦੀਆਂ ਵਾਲੀਬਾਲ ਲੜਕੀਆਂ ਦੀਆਂ ਟੀਮਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਜੈਤੋ ਦੀਆਂ ਖਿਡਾਰਨਾਂ ਨੇ ਭਾਗ ਲੈ ਕੇ ਪਹਿਲਾ ਤੇ ਦੂਜਾ ਸਥਾਨ ਹਾਸਿਲ ਕੀਤਾ। ਇੱਥੇ ਵਰਣਨ ਯੋਗ ਹੈ ਕਿ ਅੰਡਰ 14 ਸਾਲ ਲੜਕੀਆਂ ਦੇ ਮੁਕਾਬਲਿਆਂ ਵਿੱਚ ਕਿਰਨ, ਜੈਸਮੀਨ ਕੌਰ, ਲਵਲੀਨ ਕੌਰ, ਪਵਨਦੀਪ ਕੌਰ, ਤੁਰਨਮਪ੍ਰੀਤ ਕੌਰ, ਮਨਵੀਰ ਕੌਰ ਅਤੇ ਮਨ ਜਸਵੀਰ ਕੌਰ ਨੇ ਭਾਗ ਲੈ ਕੇ ਟੀਮ ਨੂੰ ਦੂਸਰਾ ਸਥਾਨ ਜਿੱਤ ਕੇ ਸਿਲਵਰ ਮੈਡਲ ਦਿੱਤਾ। ਇਸੇ ਤਰ੍ਹਾਂ ਅੰਡਰ 17 ਸਾਲ ਲੜਕੀਆਂ ਦੇ ਮੁਕਾਬਲਿਆਂ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਜਸ਼ਨਜੋਤ ਕੌਰ, ਰਮਣਦੀਪ ਕੌਰ, ਪਰਵੀਨ ਕੌਰ, ਭਾਵਨਾ ਪ੍ਰੀਤ ਕੌਰ, ਇੰਦਰਪ੍ਰੀਤ ਕੌਰ ਨੇ ਭਾਗ ਲੈ ਕੇ ਟੀਮ ਨੂੰ ਪਹਿਲਾ ਸਥਾਨ ਜਿੱਤ ਕੇ ਦਿੱਤਾ ਅਤੇ ਗੋਲਡ ਮੈਡਲ ਪ੍ਰਾਪਤ ਕੀਤਾ। ਸਕੂਲ ਪਹੁੰਚਣ ਤੇ ਪ੍ਰਿੰਸੀਪਲ ਸਰਦਾਰ ਸਿਕੰਦਰ ਸਿੰਘ ਅਤੇ ਸਮੂਹ ਸਟਾਫ ਨੇ ਜੇਤੂ ਖਿਡਾਰੀਆਂ ਦਾ ਭਰਵਾ ਸਵਾਗਤ ਕੀਤਾ ਅਤੇ ਮੈਡਲ ਪਹਿਨਾ ਕੇ ਸਨਮਾਨਿਤ ਕੀਤਾ। ਪ੍ਰਿੰਸੀਪਲ ਸਰਦਾਰ ਸਿਕੰਦਰ ਜੀ ਨੇ ਇਹਨਾਂ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰਿੰਸੀਪਲ ਸਰਦਾਰ ਸਿਕੰਦਰ ਜੀ ਨੇ ਟੀਮ ਦੀ ਕੋਚ ਮਨਪ੍ਰੀਤ ਕੌਰ ਨੂੰ ਵੀ ਉਚੇਚੇ ਤੌਰ ਤੇ ਸਨਮਾਨਿਤ ਕੀਤਾ। ਇਸ ਸਮੇਂ ਗੁਰਪ੍ਰੀਤ ਸਿੰਘ ਸਿੱਧੂ ਲੈਕਚਰਾਰ ਸਰੀਰਕ ਸਿੱਖਿਆ, ਵੀਰਪਾਲ ਕੌਰ ਪੀਟੀਆਈ, ਜਗਜੀਤ ਸਿੰਘ ਮੈਥ ਮਾਸਟਰ, ਹਰਜਿੰਦਰ ਸਿੰਘ ਮੈਥ ਮਾਸਟਰ, ਸੰਜੀਵ ਕੁਮਾਰ ਹਿੰਦੀ ਮਾਸਟਰ, ਅਮਨਦੀਪ ਕੌਰ ਲੈਕਚਰਾਰ ਪੰਜਾਬੀ, ਸ਼ਾਮ ਸੁੰਦਰ ਲੈਕਚਰਾਰ ਹਿੰਦੀ, ਕੰਵਲਦੀਪ ਸਿੰਘ ਲੈਕਚਰਰ ਕਾਮਰਸ, ਮਿਲਨਦੀਪ ਲੈਕਚਰ ਕਮਿਸਟਰੀ, ਅੰਜੂ ਬਾਲਾ ਲੈਕਚਰਾਰ ਅੰਗਰੇਜ਼ੀ, ਕਿਰਨ ਬਾਲਾ ਲੈਕਚਰਾਰ ਹਿੰਦੀ, ਸੁਖਦਰਸ਼ਨ ਸਿੰਘ ਲੈਕਚਰਰ ਪੋਲ ਸਾਇੰਸ, ਭੁਪਿੰਦਰ ਕੌਰ ਲੈਕਚਰਾਰ ਕਾਮਰਸ, ਪੂਨਮ ਪਾਲ ਕੌਰ ਲੈਕਚਰਾਰ ਬਾਇਲੋਜੀ, ਮਨੀਸ਼ਾ ਕੰਪਿਊਟਰ ਫੈਕਲਟੀ, ਮੀਨੂ ਗੁਪਤਾ ਕੰਪਿਊਟਰ ਫੈਕਲਟੀ, ਆਸ਼ਾ ਗਰਗ ਕੰਪਿਊਟਰ ਫੈਕਲਟੀ, ਸਾਗਰ ਕਲੈਰੀਕਲ, ਗੀਤੂ ਪੰਜਾਬੀ ਮਿਸਟ੍ਰੈਸ ਜਸਪ੍ਰੀਤ ਕੌਰ ਅੰਗਰੇਜ਼ੀ ਮਿਸਟ੍ਰੈਸ, ਮਨਜੀਤ ਸਿੰਘ, ਕੰਵਲਜੀਤ ਕੌਰ, ਕਿਰਨਦੀਪ ਕੌਰ, ਮੀਨੂ ਬਾਲਾ, ਸ਼ਵੇਤਾ, ਭੁਪਿੰਦਰ ਦੁੱਗਲ, ਕਰਮਜੀਤ ਕੌਰ, ਅਦਿੱਤੀ ਬਾਂਸਲ ਅਤੇ ਮਾਸਟਰ ਅਮਰਿੰਦਰ ਸਿੰਘ ਸੰਧੂ ਆਦਿ ਨੇ ਮਿਲ ਕੇ ਖਿਡਾਰਨਾਂ ਨੂੰ ਵਧਾਈ ਦਿੱਤੀ ਅਤੇ ਸਕੂਲ ਦਾ ਨਾਮ ਰੋਸ਼ਨ ਕਰਨ ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ।



# ਸਿਹਤ ਵਿਭਾਗ ਵਲੋਂ ਹਰ ਰੋਜ ਡੇਂਗੂ ਤੇ ਵਾਰ ਮੁਹਿੰਮ ਤਹਿਤ ਮਾਤਾ ਜਰਨੈਲ ਕੌਰ ਨਰਸਿੰਗ ਕਾਲਜ ਦੇ ਸਹਿਯੋਗ ਨਾਲ ਸ਼ਹਿਰ ਸ਼੍ਰੀ ਮੁਕਤਸਰ ਸਾਹਿਬ ਵਿਖੇ ਕੀਤੀਆਂ ਡੇਂਗੂ ਵਿਰੋਧੀ ਗਤੀਵਿਧੀਆਂ

ਪੰਜਾਬ ਦਾ ਖੁਲਾਸਾ

**ਸ੍ਰੀ ਮੁਕਤਸਰ ਸਾਹਿਬ, 26 ਨਵੰਬਰ (ਮਨਪ੍ਰੀਤ ਮੋਨੂੰ)** ਸਿਹਤ ਮੰਤਰੀ ਪੰਜਾਬ ਡਾ ਬਲਵੀਰ ਸਿੰਘ ਵਲੋਂ ਪੰਜਾਬ ਦੇ ਲੋਕਾਂ ਨੂੰ ਡੇਂਗੂ ਤੋਂ ਬਚਾਉਣ ਲਈ ਸੂਬੇ ਵਿਚ ਮੈਡੀਕਲ ਕਾਲਜਾਂ ਅਤੇ ਨਰਸਿੰਗ ਵਿਦਆਰਥੀਆਂ ਦੇ ਸਹਿਯੋਗ ਨਾਲ ਹਰ ਰੋਜ ਡੇਂਗੂ ਤੇ ਵਾਰ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ।ਇਸ ਮੁਹਿੰਮ ਤਹਿਤ ਅੱਜ ਜਰਨੈਲ ਕੌਰ ਨਰਸਿੰਗ ਕਾਲਜ ਸ਼੍ਰੀ ਮੁਕਤਸਰ ਸਾਹਿਬ ਦੇ ਸਹਿਯੋਗ ਨਾਲ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਜਰਨੈਲ ਕੌਰ ਨਰਸਿੰਗ ਕਾਲਜ ਦੇ ਵਿਦਆਰਥੀਆਂ ਨੂੰ ਨਾਲ ਲੈ ਕੇ ਕਾਲਜ, ਮਲੋਟ ਰੋਡ, 30ਫੁੱਟੀ ਰੋਡ, ਬਰਕੰਦੀ ਰੋਡ, ਨਾਕਾ ਨੰਬਰ 1, ਗਾਂਧੀ ਚੋਂਕ, ਤਰਨ ਤਾਰਨ ਨਗਰ ਅਤੇ ਹੋਰ ਆਸ ਪਾਸ ਦੇ ਏਰੀਏ ਵਿਖੇ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆਂ ਗਈਆਂ ।ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਡਾ. ਜਗਦੀਪ ਚਾਵਲਾ ਸਿਵਲ ਸਰਜਨ ਨੇ ਕਿਹਾ ਕਿ ਮਾਨਯੋਗ ਸਿਹਤ ਮੰਤਰੀ ਪੰਜਾਬ ਵਲੋਂ ਸਿਹਤ ਵਿਭਾਗ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਨਾਲ ਨਾਲ ਸਕੂਲੀ ਵਿਦਆਰਥੀਆਂ, ਨਰਸਿੰਗ ਵਿਦਿਆਰਥੀਆਂ, ਸਾਰੇ ਵਿਭਾਗਾਂ ਦੇ ਅਧਿਕਾਰੀਆਂ ਕਰਮਚਾਰੀਆਂ ਅਤੇ ਆਮ ਲੋਕਾਂ ਨੂੰ ਹਰ ਰੋਜ ਡੇਂਗੂ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਖਤਮ ਕਰਨ ਲਈ ਗਤੀਵਿਧੀਆਂ ਕਰਨ ਲਈ ਅਪੀਲ ਕੀਤੀ ਗਈ ਹੈ।ਇਸ ਸਬੰਧ ਵਿਚ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਸਿਹਤ ਵਿਭਾਗ ਦੇ ਸਾਰੇ ਅਧਿਕਾਰੀਆਂ/ਕਰਮਚਾਰੀਆਂ ਵਲੋਂ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆ ਜਾ ਰਹੀਆਂ ਹਨ।ਉਨ੍ਹਾ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਨਰਸਿੰਗ ਵਿਦਆਰਥੀਆਂ ਨੂੰ ਨਾਲ ਲੈਕੇ ਘਰ ਘਰ ਜਾ ਕੇ ਲੋਕਾਂ ਨੂੰ ਡੇਂਗੂ ਤੋਂ ਬਚਣ ਲਈ ਪਹਿਲਾਂ ਹੀ ਜਾਗਰੂਕ ਜਾ ਰਿਹਾ ਹੈ ਅਤੇ ਇਕ ਹਫਤੇ ਤੋਂ ਵੱਧ ਪਾਣੀ ਖੜ੍ਹਾ ਨਾ ਹੋਣ ਸਬੰਧੀ ਵਿਸ਼ੇਸ਼ ਤੌਰ ਤੇ ਕਿਹਾ ਗਿਆ ਅਤੇ ਡੇਂਗੂ ਮੱਛਰ ਦੇ ਲਾਰਵੇ ਨੂੰ ਮੌਕੇ ਤੇ ਨਸ਼ਟ ਕਰਵਾਇਆ ਜਾ ਰਿਹਾ ਹੈ।ਉਨ੍ਹਾ ਕਿਹਾ ਕਿ ਡੇਂਗੂ ਤੋਂ ਬਚਣ ਲਈ ਸਾਵਧਾਨੀਆਂ ਵਰਤਨੀਆਂ ਬਹੁਤ ਜਰੂਰੀ ਹਨ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਸ਼ੁੱਕਰਵਾਰ ਨੂੰ ਹਰ ਸ਼ੁੱਕਰਵਾਰ,ਡੇਂਗੂ ਤੇ ਵਾਰ ਦੇ ਤੌਰ ਤੇ ਮਨਾਇਆ ਜਾਵੇ ਅਤੇ ਇਸ ਦਿਨ ਪਾਣੀ ਸਟੋਰ ਕਰਨ ਵਾਲੇ ਬਰਤਨਾਂ ਨੂੰ ਇਕ ਵਾਰ ਸੁਕਾ ਕੇ ਦੁਬਾਰਾ ਵਰਤੋਂ ਵਿਚ ਲਿਆਂਦਾ ਜਾਵੇ ਤਾਂ ਜੋ ਮੱਛਰ ਦੀ ਪੈਦਾਇਸ਼ ਨੂੰ ਰੋਕਿਆ ਜਾ ਸਕੇ ।ਇਸ ਮੌਕੇ ਸੁਖਮੰਦਰ ਸਿੰਘ ਜਿਲ੍ਹਾ ਮਾਸ ਮੀਡੀਆ ਅਫਸਰ ਨੇ ਕਿਹਾ ਕਿ ਡੇਂਗੂ ਬੁਖਾਰ ਏਡੀਜ਼ ਅਜੈਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਇਹ ਮੱਛਰ ਇਕ ਹਫਤੇ ਤੋਂ ਵੱਧ ਖੜੇ ਸਾਫ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਲਈ ਸਾਨੂੰ ਕਬਾੜ ਵਿਚ ਪਏ ਟਾਇਰ, ਟੁੱਟੇ ਘੜੇ ਅਤੇ ਗਮਲੇ ਆਦਿ ਵਿੱਚ ਪਾਣੀ ਖੜਣ ਨਹੀਂ ਦੇਣਾ ਚਾਹੀਦਾ।ਮੱਛਰਦਾਨੀਆ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰੋ, ਸਾਰੇ ਸਰੀਰ ਨੂੰ ਢੱਕਦੇ ਕੱਪੜੇ ਪਾਓ, ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ, ਘਰਾਂ ਵਿੱਚ ਪਾਣੀ ਵਾਲੀਆਂ ਟੈਂਕੀਆਂ ਨੂੰ ਢੱਕ ਕੇ ਰੱਖੋ। ਇਸ ਮੌਕੇ ਭਗਵਾਨ ਦਾਸ, ਲਾਲ ਚੰਦ ਜਿਲ੍ਹਾ ਸਿਹਤ ਇੰਸਪੈਕਟਰ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਡੇਂਗੂ ਅਤੇ ਮਲੇਰੀਆ ਦੇ ਕੋਈ ਲੱਛਣ ਜਿਵੇਂ ਤੇਜ ਬੁਖਾਰ ਹੋਣਾ, ਸਿਰ ਦਰਦ, ਅੱਖਾਂ, ਜੋੜਾਂ ਅਤੇ ਸਰੀਰ ਵਿੱਚ ਦਰਦ, ਭੁੱਖ ਘੱਟ ਲੱਗਣਾ ਆਦਿ ਲੱਛਣ ਆਉਣ ਤਾਂ ਨੇੜੇ ਦੇ ਸਿਵਲ ਹਸਪਤਾਲ ਵਿਚ ਜਾ ਕੇ ਮਾਹਿਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ ਅਤੇ ਡੇਂਗੂ ਦਾ ਟੈਸਟ ਜਰੂਰ ਕਰਵਾਇਆ ਜਾਵੇ ਅਤੇ ਡੇਂਗੂ ਪਾਜੇਟਿਵ ਆਉਣ ਦੀ ਸੂਰਤ ਵਿੱਚ ਮਾਹਿਰ ਡਾਕਟਰ ਤੋਂ ਇਲਾਜ ਕਰਵਾਇਆ ਜਾਵੇ।ਡੇਂਗੂ ਦੇ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਇਸ ਮੌਕੇ ਆਦੇਸ਼ ਨਰਸਿੰਗ ਕਾਲਜ ਦੇ ਵਿਦਆਰਥੀਆਂ ਅਤੇ ਸਟਾਫ ਤੋਂ ਇਲਾਵਾ ਸਿਹਤ ਵਰਕਰ ਮਨਜੀਤ ਸਿੰਘ, ਰਾਜਵਿੰਦਰ ਸਿੰਘ , ਅਮ੍ਰਿਤਪਾਲ ਸਿੰਘ ਅਤੇ ਬ੍ਰੀਡਿੰਗ ਚੈਕਰ ਹਾਜ਼ਰ ਸਨ।



ਪੰਜਾਬ ਦਾ ਖੁਲਾਸਾ



# ਮਨਸਾ ਦੇਵੀ ਮੰਦਿਰ ਸਤਨਾਮਪੁਰਾ ਵਿਖੇ ਉਤਪਨਾ ਇਕਾਦਸ਼ੀ ਮੌਕੇ ਮਹਿਲਾ ਸੰਕੀਰਤਨ ਕਰਵਾਇਆ

## ਸ਼ਰਧਾਲੂਆਂ ਨੇ ਭਗਵਾਨ ਵਿਸ਼ਨੂੰ ਅਤੇ ਇਕਾਦਸ਼ੀ ਦੇਵੀ ਦੀ ਪੂਜਾ ਕੀਤੀ

ਪੰਜਾਬ ਦਾ ਖੁਲਾਸਾ

**ਫਗਵਾੜਾ, 26 ਨਵੰਬਰ (ਪ੍ਰੀਤ ਕੌਰ ਪ੍ਰੀਤੀ)** ਮਨਸਾ ਦੇਵੀ ਮਹਿਲਾ ਸੰਕੀਰਤਨ ਮੰਡਲੀ ਵੱਲੋਂ ਮੰਗਲਵਾਰ ਨੂੰ ਪ੍ਰਾਚੀਨ ਸਿੱਧ ਪੀਠ ਮਨਸਾ ਦੇਵੀ ਮੰਦਿਰ ਹਦੀਆਬਾਦ ਫਗਵਾੜਾ ਵਿਖੇ ਉਤਪਨਾ ਇਕਾਦਸ਼ੀ ਮੌਕੇ ਸੰਕੀਰਤਨ ਕੀਤਾ ਗਿਆ। ਜਿਸ ਵਿੱਚ ਮਹਿਲਾ ਸਮੂਹ ਨੇ ਮਾਤਾ ਭਗਵਤੀ ਦੇ ਨਾਲ-ਨਾਲ ਭਗਵਾਨ ਸ਼੍ਰੀ ਵਿਸ਼ਨੂੰ ਹਰੀ ਜੀ ਦੀ ਮਹਿਮਾ ਦਾ ਗਾਇਨ ਕੀਤਾ। ਸ਼ਰਧਾਲੂਆਂ ਨੇ ਵੀ ਭਗਵਾਨ ਵਿਸ਼ਨੂੰ ਅਤੇ ਇਕਾਦਸ਼ੀ ਦੇਵੀ ਦੀ ਪੂਰੀ ਸ਼ਰਧਾ ਨਾਲ ਪੂਜਾ ਕੀਤੀ। ਉਪਰੰਤ ਮਹਾਂ ਆਰਤੀ ਕਰਵਾਈ ਗਈ। ਮੰਦਰ ਦੇ ਪੁਜਾਰੀ ਰਾਮਚਰਨ ਪੋਖਰਿਆਲ ਨੇ ਦੱਸਿਆ ਕਿ ਮਾਰਗਸ਼ੀਰਸ਼ਾ ਕ੍ਰਿਸ਼ਨ ਪੱਖ ਦੀ ਇਕਾਦਸ਼ੀ ਨੂੰ ਉਤਪਨਾ ਇਕਾਦਸ਼ੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦਿਨ ਸੰਸਾਰ ਦੇ ਰੱਖਿਅਕ ਭਗਵਾਨ ਵਿਸ਼ਨੂੰ, ਦੇਵੀ ਲਕਸ਼ਮੀ ਅਤੇ ਦੇਵੀ ਇਕਾਦਸ਼ੀ ਦੀ ਪੂਜਾ ਕਰਨ ਨਾਲ ਸ਼ੁਭ ਫਲ ਮਿਲਦਾ ਹੈ। ਇਕਾਦਸ਼ੀ ਦਾ ਵਰਤ ਮਹੀਨੇ ਵਿੱਚ ਦੋ ਵਾਰ ਰੱਖਿਆ ਜਾਂਦਾ ਹੈ। ਪਰ ਮਾਰਗਸ਼ੀਰਸ਼ਾ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਇਕਾਦਸ਼ੀ ਦੇ ਵਰਤ ਦਾ ਵਿਸ਼ੇਸ਼ ਮਹੱਤਵ ਹੈ। ਇਸ ਦਿਨ ਮਾਤਾ ਇਕਾਦਸ਼ੀ ਦਾ ਜਨਮ ਹੋਇਆ ਸੀ। ਇਹ ਮੰਨਿਆ ਜਾਂਦਾ ਹੈ ਕਿ ਇਸ ਦਿਨ ਵਰਤ ਰੱਖਣ ਅਤੇ ਦਾਨ ਕਰਨ ਨਾਲ ਵਿਅਕਤੀ ਨੂੰ ਭਗਵਾਨ ਵਿਸ਼ਨੂੰ ਦੇ ਨਾਲ ਦੇਵੀ ਲਕਸ਼ਮੀ ਦਾ ਆਸ਼ੀਰਵਾਦ ਪ੍ਰਾਪਤ ਹੁੰਦਾ ਹੈ। ਜਿਸ ਕਾਰਨ ਵਿਅਕਤੀ ਨੂੰ ਕਦੇ ਵੀ ਪੈਸੇ ਦੀ ਕਮੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਉਤਪੰਨਾ ਇਕਾਦਸ਼ੀ ਦੇ ਮੌਕੇ 'ਤੇ ਸ਼੍ਰੀ ਸਵਾਮੀ ਸ਼ੰਕਰ ਨਾਥ ਪਰਵਤ ਮੱਠ ਚੈਰੀਟੇਬਲ ਐਂਡ ਵੈਲਫੇਅਰ ਟਰੱਸਟ ਨਕੋਦਰ ਰੋਡ, ਹਦੀਆਬਾਦ ਫਗਵਾੜਾ ਦੇ ਟਰੱਸਟੀ ਮੈਂਬਰਾਂ ਨੇ ਮੰਦਰ ਪਰਿਸਰ 'ਚ ਆਈਆਂ ਸੰਗਤਾਂ ਨੂੰ ਮਾਂ ਭਗਵਤੀ ਦੇ ਪ੍ਰਸ਼ਾਦ ਵਜੋਂ ਛੋਲੇ ਪੂਰੀ ਅਤੇ ਹਲਵਾ ਵੰਡਿਆ। ਸੇਵਾ ਨਿਭਾਉਣ ਵਾਲਿਆਂ ਵਿਚ ਮੁੱਖ ਤੌਰ 'ਤੇ ਸੇਵਾਦਾਰ ਬ੍ਰਿਜ ਭੂਸ਼ਣ ਜਲੋਟਾ, ਅਸ਼ੋਕ ਚੱਢਾ, ਰਣਬੀਰ ਦੁੱਗਲ, ਪਵਨ ਕਸ਼ਯਪ, ਲਲਿਤ ਤਿਵਾੜੀ, ਪ੍ਰਕਾਸ਼ ਚੰਦਰ ਯਾਦਵ ਅਤੇ ਮਹਿਲਾ ਸੰਕੀਰਤਨ ਮੰਡਲੀ ਤੋਂ ਪਰਵੀਨ ਸ਼ਰਮਾ, ਰਮਾ ਸ਼ਰਮਾ, ਸੁਮਨ ਸੇਠ, ਕੁਲਵੰਤ ਕੌਰ, ਨਿਰਮਲਾ ਦੇਵੀ, ਬਲਵਿੰਦਰ ਸ਼ਾਮਿਲ ਸਨ ? ਕੌਰ ਆਦਿ ਹਾਜ਼ਰ ਸਨ।



# ਓਪਨ ਰਾਜ ਪੱਧਰੀ ਕ੍ਰਿਕਟ ਟੂਰਨਾਮੈਂਟ ਦੇ ਚੋਥੇ ਹਫ਼ਤੇ ਸੇਠੀ ਇਲੈਵਨ ਸ਼ਾਹਕੋਟ ਅਤੇ ਰਣਜੀਤ ਇਲੈਵਨ ਰਿਹਾ ਜੇਤੂ

## ਮੁੱਖ ਮਹਿਮਾਨ ਦੇ ਤੌਰ ਤੇ ਪ੍ਰਵਾਸੀ ਭਾਰਤੀ ਨਛੱਤਰ ਸਿੰਘ ਖੈੜਾ ਯੂ ਐਸ ਏ ਨੇ ਕੀਤੀ ਸ਼ਿਰਕਤ

ਪੰਜਾਬ ਦਾ ਖੁਲਾਸਾ

**ਕਪੂਰਥਲਾ , 26 ਨਵੰਬਰ (ਕੌੜਾ)**- ਸ਼ਾਹ ਸੁਲਤਾਨ ਕ੍ਰਿਕਟ ਕਲੱਬ ਵੱਲੋਂ ਕਰਵਾਏ ਜਾ ਰਹੇ 21ਵੇਂ ਰਾਜ ਪੱਧਰੀ ਓਪਨ ਕ੍ਰਿਕਟ ਟੂਰਨਾਮੈਂਟ ਤੀਜੇ ਹਫ਼ਤੇ ਹੋਏ ਚਾਰ ਟੀਮਾਂ ਦੇ ਮੈਚ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਰਪ੍ਰਸਤ ਗੁਰਵਿੰਦਰ ਸਿੰਘ ਵਿਰਕ,ਚੇਅਰਮੈਨ ਸੁਖਦੇਵ ਸਿੰਘ ਜੱਜ,ਰਣਜੀਤ ਸਿੰਘ ਸੈਣੀ ਨੇ ਦੱਸਿਆ ਕਿ ਅੱਜ ਚਾਰ ਟੀਮਾਂ ਦੇ ਮੈਚ ਕਰਵਾਏ ਗਏ । ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਪ੍ਰਵਾਸੀ ਭਾਰਤੀ ਨਛੱਤਰ ਸਿੰਘ ਖੈੜਾ ਯੂ ਐਸ ਏ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ। ਉਹਨਾਂ ਇਸ ਦੌਰਾਨ ਜੇਤੂ ਖਿਡਾਰੀਆਂ ਤੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕੀਤੇ।ਇਸ ਦੌਰਾਨ ਹੋਏ ਮੁਕਾਬਲੇ ਵਿੱਚ ਪਹਿਲਾ ਮੈਚ ਵਾਈ ਸੀ ਸੀ ਕਲੱਬ ਫਗਵਾੜਾ ਅਤੇ ਸੇਠੀ ਇਲੈਵਨ ਸ਼ਾਹਕੋਟ ਵਿਚਕਾਰ ਖੇਡਿਆਂ ਗਿਆ। ਜਿਸ ਵਿਚ ਵਾਈ ਸੀ ਸੀ ਕਲੱਬ ਫਗਵਾੜਾ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 15.3 ਓਵਰਾਂ ਵਿਚ 102 ਦੌੜਾ ਬਣਾਈਆਂ ਜਿਸ ਵਿਚ ਡੀ ਕੇ ਧਾਲੀਵਾਲ ਨੇ 28 ਦੌੜਾ ਬਣਾਈਆਂ। ਬਾਅਦ ਵਿੱਚ ਬੱਲੇਬਾਜ਼ੀ ਕਰਦੇ ਹੋਏ ਸੇਠੀ ਇਲੈਵਨ ਨੇ ਲੱਕੀ ਦੀ ਸ਼ਾਨਦਾਰ ਬੱਲੇਬਾਜ਼ੀ 33 ਗੇਂਦਾ ਵਿਚ ਬਿਨ੍ਹਾ ਆਊਟ ਹੋਏ 73 ਦੌੜਾਂ ਦੀ ਬਦੌਲਤ ਇਹ ਟੀਚਾ ਵਿਚ 9.1 ਵੇਂ ਓਵਰ ਵੀ ਹੀ ਬਣਾਈਆਂ। ਹਿੰਦਾ ਨੂੰ ਮੈਨ ਆਫ਼ ਦਾ ਮੈਚ ਦਿੱਤਾ ਗਿਆ। ਦੂਜਾ ਮੈਚ ਸਿੰਘਾਵਾਲਾ ਯੂਨਾਈਟਡ ਕ੍ਰਿਕਟ ਕਲੱਬ ਮੋਗਾ ਤੇ ਰਣਜੀਤ ਇਲੈਵਨ ਭੀਮ ਕਦੀਮ ਕਲੱਬ ਵਿਚਕਾਰ ਖੇਡਿਆ ਗਿਆ। ਜਿਸ ਵਿਚ ਪਹਿਲਾਂ ਬੱਲੇਬਾਜ਼ੀ ਕਰਦਿਆਂ ਸਿੰਘਾਵਾਲਾ ਯੂਨਾਈਟਡ ਕ੍ਰਿਕਟ ਕਲੱਬ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 18.3 ਓਵਰਾਂ ਵਿਚ ਸਿਰਫ਼ 112 ਦੌੜਾਂ ਹੀ ਬਣਾਈਆਂ। ਸੁਖਰੀਬ ਸਿੰਘ ਨੇ 34 ਅਤੇ ਗੁਰਬਲਜੀਤ ਸਿੰਘ ਨੇ 25 ਦੌੜਾ ਬਣਾਈਆਂ। ਬਾਅਦ ਵਿੱਚ ਬੱਲੇਬਾਜ਼ੀ ਕਰਦਿਆਂ ਸੁਲਤਾਨ ਰਾਇਸਿੰਗ ਕਲੱਬ ਨੇ ਇਹ ਟੀਚਾ ਸਿਰਫ 8 ਓਵਰ ਵਿਚ ਹੀ ਬਿਨ੍ਹਾ ਕੋਈ ਵਿਕਟ ਗਵਾਏ ਪੂਰਾ ਕਰ ਲਿਆ। ਇਸ ਮੈਚ ਵਿਚ ਜਸਪਾਲ ਭੱਟੀ ਨੇ ਨਬਾਦ 59 ਅਤੇ ਅਮਿਤ ਨੇ ਨਬਾਦ 35 ਦੌੜਾ ਬਣਾਈਆਂ। ਜਿਸ ਵਿਚ ਜਸਪਾਲ ਭੱਟੀ ਨੂੰ ਮੈਨ ਆਫ਼ ਦਾ ਮੈਚ ਦਿੱਤਾ ਗਿਆ। ਇਸ ਹਫਤੇ ਦੇ ਮੈਚਾਂ ਦਾ ਉਦਘਾਟਨ ਨਛੱਤਰ ਸਿੰਘ ਖਹਿਰਾ ਯੂ ਐਸ ਏ, ਲਵਪ੍ਰੀਤ ਸਿੰਘ ਡਡਵਿੰਡੀ। ਉਹਨਾਂ ਕਲੱਬ ਵੱਲੋਂ ਹਰ ਸਾਲ ਕਰਵਾਏ ਜਾਂਦੇ ਇਸ ਖੇਡ ਮੇਲੇ ਲਈ ਕਲੱਬ ਨੂੰ ਵਧਾਈਆਂ ਦਿੱਤੀਆਂ। ਉਹਨਾਂ ਕਿਹਾ ਕਿ ਇਸ ਤਰਾਂ ਦੇ ਖੇਡ ਮੇਲੇ ਹੋਣੇ ਚਾਹੀਦੇ ਹਨ ਤਾਂ ਜੋ ਨੌਜਵਾਨ ਗਰਾਊਂਡ ਨਾਲ ਜੁੜਨ ਦਾ ਤੇ ਨਸ਼ਿਆਂ ਦਾ ਤਿਆਗ ਕਰਨਾ। ਉਹਨਾਂ 11000 ਰੁਪਏ ਦੇ ਕੇ ਕਲੱਬ ਦੀ ਹੌਸਲਾ ਅਫਜ਼ਾਈ ਕੀਤੀ। ਕਲੱਬ ਮੈਂਬਰਾਂ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ ਭੇਂਟ ਕੀਤੇ ਗਏ। ਇਸ ਮੌਕੇ ਸਰਪ੍ਰਸਤ ਗੁਰਵਿੰਦਰ ਸਿੰਘ ਵਿਰਕ, ਸੁਖਦੇਵ ਸਿੰਘ ਜੱਜ ਅੰਗਰੇਜ਼ ਸਿੰਘ ਡੇਰਾ ਸੈਯਦਾ, ਬਲਕਾਰ ਸਿੰਘ ਪ੍ਰਧਾਨ, ਜਤਿੰਦਰ ਸਿੰਘ ਖਾਲਸਾ,ਰਣਜੀਤ ਸਿੰਘ ਸੈਣੀ, ਜਗਤਾਰ ਸਿੰਘ,ਹਰਪ੍ਰੀਤ ਸਿੰਘ ਸੰਧੂ ਨਿਰਮਲ ਸਿੰਘ,ਯਸ਼ ਬਿੰਦ ਜਗਤਜੀਤ ਸਿੰਘ ਪੰਛੀ, ਚਤਰ ਸਿੰਘ ਰੀਡਰ,ਕੁਲਜੀਤ ਸਿੰਘ ਡਡਵਿੰਡੀ,ਦਲਜੀਤ ਸਿੰਘ ਜੈਨਪੁਰ,ਡਾਕਟਰ ਬਾਵਾ ਸਿੰਘ ਸੰਚਾਲਕ ਮਾਸਟਰ ਨਰੇਸ਼ ਕੋਹਲੀ, ਮੁਕੇਸ਼ ਚੌਹਾਨ,ਗੋਤਮ ਸ਼ਰਮਾ ਅਜੇ ਅਸਲਾ,ਸੋਨਾ ਸਿੰਘ ਪ੍ਰਦੀਪ ਸ਼ਰਮਾ, ਅਮਰਦੀਪ ਸਿੰਘ ਕੋਚ ਹਾਜ਼ਰ ਸਨ। ਇਸ ਟੂਰਨਾਮੈਂਟ ਵਿੱਚ ਅੰਪਾਇਰਿੰਗ ਦੀ ਭੂਮਿਕਾ ਕੋਚ ਸੋਢੀ ਸਿੰਘ ਲੋਹੀਆਂ, ਅਮਰਦੀਪ ਸਿੰਘ ਕੋਚ ਨੇ ਕੀਤੀ।





# ਲਾਇਨਜ ਕਲੱਬ ਫਗਵਾੜਾ ਵਿਸ਼ਵਾਸ ਨੇ ਲਗਾਇਆ ਫਰੀ ਸ਼ੁਗਰ ਚੈਕਅੱਪ ਕੈਂਪ

ਪੰਜਾਬ ਦਾ ਖੁਲਾਸਾ

**ਫਗਵਾੜਾ, 26 ਨਵੰਬਰ (ਪ੍ਰੀਤ ਕੌਰ ਪ੍ਰੀਤੀ)** ਲਾਇਨਜ ਕਲੱਬ ਫਗਵਾੜਾ ਵਿਸ਼ਵਾਸ ਵਲੋਂ ਰਿਜਨ ਚੇਅਰਮੈਨ ਅਤੇ ਇਸ ਪ੍ਰੋਜੈਕਟ ਦੇ ਡਾਇਰੈਕਟਰ ਲਾਇਨ ਚਮਨ ਲਾਲ ਦੀ ਅਗਵਾਈ ਹੇਠ ਫਰੀ ਸ਼ੁਗਰ ਚੈਕਅੱਪ ਕੈਂਪ ਗੁਰਦੁਆਰਾ ਗੋਬਿੰਦ ਦਾਸ ਉਦਾਸੀ ਮੁਹੱਲਾ ਗੋਬਿੰਦਪੁਰਾ ਵਿਖੇ ਲਗਾਇਆ ਗਿਆ। ਵਧੇਰੇ ਜਾਣਕਾਰੀ ਦਿੰਦਿਆਂ ਕੱਲਬ ਦੇ ਚਾਰਟਰ ਪ੍ਰਧਾਨ ਅਤੇ ਪੀ.ਆਰ.ਓ. ਲਾਇਨ ਸੁਸ਼ੀਲ ਸ਼ਰਮਾ ਨੇ ਦੱਸਿਆ ਕਿ ਕੈਂਪ ਦੌਰਾਨ ਕਰੀਬ 65 ਮਰੀਜਾਂ ਦੀ ਸ਼ੁਗਰ ਚੈੱਕ ਕੀਤੀ ਗਈ। ਉਹਨਾਂ ਦੱਸਿਆ ਕਿ ਅਜੋਕੇ ਸਮੇਂ ਵਿਚ 160 ਤੱਕ ਸ਼ੁਗਰ ਲੈਵਲ ਨੂੰ ਨਾਰਮਲ ਮੰਨਿਆ ਜਾਂਦਾ ਹੈ ਪਰ ਜੇਕਰ ਇਸ ਤੋਂ ਵੱਧ ਜਾਵੇ ਤਾਂ ਸਵੇਰੇ ਸ਼ਾਮ ਦੀ ਸੈਰ ਜਰੂਰ ਕਰਨੀ ਚਾਹੀਦੀ ਹੈ। ਹਾਰਡ ਅਤੇ ਸਾਫਟ ਡਰਿੰਕ ਤੋਂ ਪਰਹੇਜ ਕਰਨਾ ਚਾਹੀਦਾ ਹੈ। ਮਿੱਠੇ ਦਾ ਘੱਟ ਸੇਵਨ ਅਤੇ ਚਿੰਤਾ ਮੁਕਤ ਜੀਵਨ ਵਤੀਤ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮਾਹਿਰਾਂ ਦਾ ਇਹ ਮੰਨਣਾ ਹੈ ਕਿ ਮਾਨਸਿਕ ਤਨਾਅ ਦੇ ਨਾਲ ਵੀ ਸ਼ੁਗਰ ਲੈਵਲ ਵੱਧਦਾ ਹੈ। ਉਹਨਾਂ ਨੇ ਕੈਂਪ ਵਿਚ ਸਹਿਯੋਗ ਲਈ ਜੋਨ ਚੇਅਰਮੈਨ ਲਾਇਨ ਇੰਦਰਜੀਤ ਸਿੰਘ, ਖਜਾਨਚੀ ਲਾਇਨ ਬਲਵਿੰਦਰ ਸਿੰਘ, ਲਾਇਨ ਪ੍ਰਦੀਪ ਸਿੰਘ, ਲਾਇਨ ਮੋਹਨ ਸਿੰਘ ਕੋਹਲੀ, ਲਾਇਨ ਸੁਰਿੰਦਰ ਰਾਏ ਆਦਿ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

# ਜਿਲਾ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਦੀ ਅਗਵਾਈ 'ਚ ਮਿਰਜਾਪੁਰ ਵਿਖੇ ਲਗਾਇਆ ਗਿਆ ਅੱਖਾਂ ਦਾ ਮੁਫਤ ਕੈਂਪ

## ਕੈਂਪ ਦੌਰਾਨ 50 ਮਰੀਜਾਂ ਦੀਆਂ ਅੱਖਾਂ ਦਾ ਚੈਕਅੱਪ ਕਰਨ ਉਪਰੰਤ ਮੁਫਤ ਐਨਕਾਂ ਵੰਡੀਆਂ

ਪੰਜਾਬ ਦਾ ਖੁਲਾਸਾ

**ਕੁਰਾਲੀ, 26 ਨਵੰਬਰ (ਪਰਮਜੀਤ ਛੰਮਾ ਪਪਰਾਲੀ)**:- ਜਿਲਾ ਕਾਂਗਰਸ ਕਮੇਟੀ ਮੁਹਾਲੀ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਤੇ ਉਨਾਂ ਦੀ ਸਮੁੱਚੀ ਟੀਮ ਵੱਲੋਂ ਜਿਲੇ ਭਰ ਦੇ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ ਅੱਖਾਂ ਦੇ ਮੁਫਤ ਚੈਕਅੱਪ ਕੈਂਪ ਲਗਾਏ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਬਲਾਕ ਮਾਜਰੀ ਦੇ ਅਧੀਨ ਆਉਂਦੇ ਪਿੰਡ ਮਿਰਜਾਪੁਰ ਦੇ ਪ੍ਰਚੀਨ ਸ਼ਿਵ ਮੰਦਰ ਵਿਖੇ ਜਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਦੀ ਦੇਖ ਰੇਖ ਹੇਠ ਇੱਕ ਵਿਸ਼ਾਲ ਅੱਖਾਂ ਦਾ ਮੁਫਤ ਚੇਕਅੱਪ ਕੈਂਪ ਲਗਾਇਆ ਗਿਆ। ਜੀਤੀ ਪਡਿਆਲਾ ਨੇ ਦੱਸਿਆ ਕਿ ਇਸ ਕੈਂਪ ਵਿੱਚ ਅਲਫਾ ਹਸਪਤਾਲ ਚੰਡੀਗੜ ਤੋਂ ਡਾਕਟਰ ਸੀਦਾਰਥ ਦੁੱਗਲ ਦੀ ਅਗਵਾਈ ਵਿੱਚ ਆਈ ਡਾਕਟਰਾਂ ਦੀ ਟੀਮ ਨੇ 50 ਦੇ ਕਰੀਬ ਅੱਖਾਂ ਦੇ ਮਰੀਜਾਂ ਦਾ ਜਿੱਥੇ ਮੁਫਤ ਚੈਕਅੱਪ ਕਰਨ ਉਪਰੰਤ ਦਵਾਈਆਂ ਤੇ ਐਨਕਾਂ ਵੰਡੀਆਂ ਗਈਆਂ, ਉਥੇ 13 ਦੇ ਕਰੀਬ ਅੱਖਾਂ ਦੇ ਮਰੀਜ ਅਪਰੇਸ਼ਨ ਲਈ ਪਾਏ ਗਏ । ਜੀਤੀ ਪਡਿਆਲਾ ਨੇ ਦੱਸਿਆ ਕਿ ਅਪਰੇਸ਼ਨ ਵਾਲੇ ਮਰੀਜਾਂ ਨੂੰ ਉਨਾਂ ਟੀਮ ਵੱਲੋਂ ਚੰਡੀਗੜ ਦੇ ਅਲਫਾ ਹਸਪਤਾਲ 'ਚ ਲਿਜਾਕੇ ਮਰੀਜਾ ਦਾ ਮੁਫਤ ਅਪਰੇਸ਼ਨ ਕਰਵਾਇਆ ਜਾਵੇਗਾ।

ਉਨਾਂ ਦੱਸਿਆ ਕਿ ਉਨਾਂ ਵੱਲੋਂ ਇਹ ਕੈਂਪ ਪੂਰੇ ਜਿਲੇ ਵਿੱਚ ਵੱਖ ਵੱਖ ਥਾਵਾਂ ਤੇ ਲਗਾਏ ਜਾਣਗੇ। ਇਸ ਮੋਕੇ ਪਿੰਡ ਮਿਰਜਾਪੁਰ ਦੇ ਸਮੁੱਚੇ ਪਿੰਡ ਵਾਸੀਆਂ ਨੇ ਰਣਜੀਤ ਸਿੰਘ ਜੀਤੀ ਪਡਿਆਲਾ ਦੀ ਸਮੁੱਚੀ ਟੀਮ ਵੱਲੋਂ ਇਸ ਕੀਤੇ ਵੱਡੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਤੇ ਸਨਮਾਨਿਤ ਕੀਤਾ ਗਿਆ। ਇਸ ਮੋਕੇ ਹੋਰਨਾਂ ਤੋਂ ਇਲਾਵਾ ਜਿਓਰਜ ਸਿੰਘ ਸਰਪੰਚ, ਹੁਸਨ ਚੰਦ, ਕਮਲ ਚੌਧਰੀ, ਸ਼ੇਰ ਸਿੰਘ ਪੰਚ, ਕੌਸਲਰ ਰਮਾਂਕਾਂਤ ਕਾਲੀਆ, ਮਦਨ ਮਾਣਕਪੁਰ ਸ਼ਰੀਫ, ਨਰਦੇਵ ਸਿੰਘ ਬਿੱਟੂ ਸਾਬਕਾ ਸਰੰਪਚ ਭੂਪਨਗਰ, ਹਰਨੇਕ ਸਿੰਘ ਤਕੀਪੁਰ, ਗੁਰਦੇਵ ਸਿੰਘ ਪੱਲਣਪੁਰ, ਨਿਰਮਲ ਸਿੰਘ ਦੁੱਲਵਾਂ, ਸੱਤਾ ਨਿਹੋਲਕਾ, ਯੈਸ਼ ਸ਼ਰਮਾਂ, ਰਣਦੀਪ ਕੁਰਾਲੀ, ਜਗਦੇਵ ਸਿੰਘ, ਸਤਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਤੇ ਇਲਾਕੇ ਦੇ ਮੁਹਤਬਰ ਆਗੂ ਹਾਜਿਰ ਸਨ।




# ਸਰਬੱਤ ਦਾ ਭਲਾ ਰੇਲ ਗੱਡੀ ਪਟਨਾ ਸਾਹਿਬ ਤੱਕ ਚਲਾਈ ਜਾਵੇ

ਪੰਜਾਬ ਦਾ ਖੁਲਾਸਾ

**ਕਪੂਰਥਲਾ, 26 ਨਵੰਬਰ ( ਕੌੜਾ)**- ਸੰਤ ਬਾਬਾ ਲੀਡਰ ਸਿੰਘ ਗੁਰਸਰ ਸਾਹਿਬ ਸੈਫਲਾਬਾਦ ਵਾਲੇ, ਸੰਤ ਬਾਬਾ ਹਰਜੀਤ ਸਿੰਘ ਦਮਦਮਾ ਸਾਹਿਬ ਠੱਟਾ ਵਾਲੇ , ਬਾਬਾ ਜੈ ਸਿੰਘ ਡੇਰਾ ਬਾਬਾ ਸ੍ਰੀ ਚੰਦ ਮਹਿਮਦਵਾਲ ਵਾਲੇ , ਬਾਬਾ ਦਲਬੀਰ ਸਿੰਘ ਸੋਨੀ ਬੂੜੇਵਾਲ ਵਾਲਿਆਂ ਨੇ ਭਾਰਤ ਸਰਕਾਰ, ਰੇਲਵੇ ਮੰਤਰੀ ਅਤੇ ਰੇਲਵੇ ਦੇ ਉੱਚ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਸਰਬੱਤ ਦਾ ਭਲਾ ਰੇਲ ਗੱਡੀ, ਜੋ ਕਿ ਲੋਹੀਆਂ ਤੋਂ ਦਿੱਲੀ ਤੱਕ ਜਾਂਦੀ ਹੈ, ਦਾ ਰੂਟ ਵਧਾ ਕੇ ਪਟਨਾ ਸਾਹਿਬ ਤੱਕ ਕੀਤਾ ਜਾਵੇ ਤਾਂ ਜੋ ਪਾਵਨ ਨਗਰੀ ਸੁਲਤਾਨਪੁਰ ਲੋਧੀ ਅਤੇ ਪਾਵਨ ਅਸਥਾਨ ਪਟਨਾ ਸਾਹਿਬ ਦੇ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਲਈ ਸੰਗਤਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਲ ਪੇਸ਼ ਨਾ ਆਵੇ। ਇਸ ਤੋਂ ਇਲਾਵਾ ਗੁਰੂ ਨਾਨਕ ਸੇਵਕ ਜਥਾ ਬਾਹਰਾ ਦੇ ਪ੍ਰਧਾਨ ਸੰਤੋਖ ਸਿੰਘ ਬਿਧੀਪੁਰ ਅਤੇ ਸਮੂਹ ਸੇਵਾਦਾਰਾਂ ਨੇ ਇਸ ਮੰਗ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਪਾਵਨ ਨਗਰੀ ਸੁਲਤਾਨਪੁਰ ਲੋਧੀ ਅਤੇ ਡੱਲਾ ਸਾਹਿਬ ਦੇ ਸਮੂਹ ਗੁਰਧਾਮਾਂ ਤੋਂ ਇਲਾਵਾ ਹੋਰ ਵੱਖ ਵੱਖ ਗੁਰਧਾਮਾਂ ਦੇ ਦਰਸ਼ਨਾਂ ਲਈ ਪਟਨਾ ਸਾਹਿਬ ਇਲਾਕੇ ਤੋਂ ਵੀ ਇੱਥੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਸੰਗਤਾਂ ਆਉਂਦੀਆਂ ਹਨ। ਪਟਨਾ ਸਾਹਿਬ ਤੋਂ ਸੁਲਤਾਨਪੁਰ ਲੋਧੀ ਤੱਕ ਸਿੱਧੀ ਰੇਲ ਗੱਡੀ ਨਾ ਹੋਣ ਕਾਰਨ ਉਹਨਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨਾਂ ਮੰਗ ਕੀਤੀ ਕਿ ਪਟਨਾ ਸਾਹਿਬ ਤੋਂ ਸੁਲਤਾਨਪੁਰ ਲੋਧੀ ਤੱਕ ਸਰਬੱਤ ਦਾ ਭਲਾ ਰੇਲ ਗੱਡੀ ਦਾ ਰੂਟ ਵਧਾਇਆ ਜਾਵੇ। ਉਹਨਾਂ ਇਹ ਵੀ ਕਿਹਾ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਨੇੜੇ ਆ ਰਿਹਾ ਹੈ, ਇਸ ਲਈ ਬੰਦ ਕੀਤੀਆਂ ਗਈਆਂ ਰੇਲ ਗੱਡੀਆਂ ਵੀ ਚਲਾਈਆਂ ਜਾਣ ਅਤੇ ਪ੍ਰਕਾਸ਼ ਦਿਹਾੜੇ ਨੂੰ ਲੈ ਕੇ ਇਹਨਾਂ ਤਖਤਾਂ ਲਈ ਹੋਰ ਵੀ ਨਵੀਆਂ ਰੇਲ ਗੱਡੀਆਂ ਚਲਾਈਆਂ ਜਾਣ ਤਾਂ ਜੋ ਸ਼ਰਧਾਲੂ ਸੰਗਤਾਂ ਨੂੰ ਕਿਸੇ ਤਰਾਂ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਸੰਤੋਖ ਸਿੰਘ ਬਿਧੀਪੁਰ,ਬਲਜਿੰਦਰ ਸਿੰਘ ਦਰੀਏਵਾਲ, ਚਰਨ ਸਿੰਘ ਦਰੀਏਵਾਲ, ਬਲਵੀਰ ਸਿੰਘ, ਦਿਲਬਾਗ ਸਿੰਘ, ਸੁਰਿੰਦਰ ਸਿੰਘ, ਸਤਿੰਦਰਪਾਲ ਸਿੰਘ ਹਜ਼ੂਰੀ ਰਾਗੀ, ਜਗਜੀਤ ਸਿੰਘ, ਨਿਰਮਲ ਸਿੰਘ, ਸਵਰਨ ਸਿੰਘ, ਦਰਸ਼ਨ ਸਿੰਘ, ਨਿਰੰਜਨ ਸਿੰਘ, ਜਗੀਰ ਸਿੰਘ, ਅਮਰਜੀਤ ਸਿੰਘ, ਨਿੰਦਰ ਸਿੰਘ, ਅਮਰਜੀਤ ਸਿੰਘ, ਜਸਵਿੰਦਰ ਸਿੰਘ, ਜੀਤ ਸਿੰਘ, ਗੁਰਦੀਪ ਸਿੰਘ, ਬਲਵਿੰਦਰ ਸਿੰਘ, ਗੁਰਮੇਲ ਸਿੰਘ, ਹਰਜਿੰਦਰ ਸਿੰਘ, ਭਜਨ ਸਿੰਘ, ਰਣਜੀਤ ਸਿੰਘ, ਸਵਰਨ ਸਿੰਘ, ਗੁਰਨਾਮ ਸਿੰਘ, ਗੁਰਦੀਪ ਸਿੰਘ, ਮਲਕੀਤ ਸਿੰਘ, ਬਲਵਿੰਦਰ ਸਿੰਘ, ਜਗੀਰ ਸਿੰਘ, ਕਾਹਲੋਂ, ਸੂਬਾ ਸਿੰਘ, ਜਰਨੈਲ ਸਿੰਘ ਆਦਿ ਵੀ ਸ਼ਾਮਿਲ ਸਨ।



# ਰਿਆਤ ਬਾਹਰਾ ਯੂਨੀਵਰਸਿਟੀ ਨੇ ਨੈਸ਼ਨਲ ਪਾਵਰਲਿਫਟਿੰਗ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕੀਤੀ

ਪੰਜਾਬ ਦਾ ਖੁਲਾਸਾ

**ਕੁਰਾਲੀ, 26 ਨਵੰਬਰ (ਪਰਮਜੀਤ ਛੰਮਾ ਪਪਰਾਲੀ)**:- ਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਮੁਕਾਬਲਿਆਂ ਵਿੱਚ ਮਹਾਰਾਸ਼ਟਰ ਦੇ ਪਲਵਿੰਦਰ ਸਿੰਘ ਸੈਣੀ ਨੇ ਸਟਰਾਂਗਮੈਨ ਆਫ ਇੰਡੀਆ-2024 ਦਾ ਖਿਤਾਬ ਜਿੱਤਿਆ ਅਤੇ ਮਹਾਰਾਸ਼ਟਰ ਦੀ ਰਸ਼ਮੀ ਜਜ਼ੀਲਵਾਰ ਨੇ ਵੀ ਸਟਰਾਂਗਵੂਮੈਨ ਆਫ ਇੰਡੀਆ-2024 ਦਾ ਖਿਤਾਬ ਹਾਸਲ ਕੀਤਾ। ਨੈਸ਼ਨਲ ਪਾਵਰ ਲਿਫਟਿੰਗ ਫੈਡਰੇਸ਼ਨ ਵੱਲੋਂ ਪੰਜਾਬੀ ਪਾਵਰ ਲਿਫਟਿੰਗ ਐਂਡ ਫਿਟਨੈਸ ਐਸੋਸੀਏਸ਼ਨ ਦੇ ਸਹਿਯੋਗ ਨਾਲ ਰਿਆਤ ਬਾਹਰਾ ਯੂਨੀਵਰਸਿਟੀ ਵਿਖੇ 3 ਰੋਜ਼ਾ ਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਮੁਕਾਬਲੇ ਕਰਵਾਏ ਗਏ । ਇਸ ਚੈਂਪੀਅਨਸ਼ਿਪ ਦਾ ਉਦਘਾਟਨ ਆਰਬੀਯੂ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕੀਤਾ ਜਿਸ ਵਿੱਚ 21 ਰਾਜਾਂ ਦੇ 250 ਤੋਂ ਵੱਧ ਪ੍ਰਤੀਯੋਗੀਆਂ ਨੇ ਭਾਗ ਲਿਆ।ਪੰਜਾਬ ਦੇ ਡਿਪਟੀ ਸੀਨੀਅਰ ਐਡਵੋਕੇਟ ਜਨਰਲ ਇੰਦਰਪਾਲ ਸਿੰਘ ਸੱਭਰਵਾਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਦਘਾਟਨੀ ਸਮਾਰੋਹ ਵਿੱਚ ਪੰਜਾਬੀ ਪਾਵਰਲਿਫਟਿੰਗ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਮਰਜੀਤ ਸਿੰਘ, ਮੋਨੂੰ ਸੱਭਰਵਾਲ ਆਦਿ ਹਾਜ਼ਰ ਸਨ।ਪੰਜਾਬ ਦੇ ਦਿਲਬਾਗ ਨੇ ਸਟਰਾਂਗ ਮਾਸਟਰ ਮੈਨ ਆਫ ਇੰਡੀਆ-2024 ਦਾ ਖਿਤਾਬ ਜਿੱਤਿਆ ਜਦਕਿ ਮਹਾਰਾਸ਼ਟਰ ਦੀ ਡਿੰਪਲ ਐਮ ਮਹਿਤਾ ਨੂੰ ਸਟਰਾਂਗ ਮਾਸਟਰ ਵੂਮੈਨ ਆਫ ਇੰਡੀਆ-2024 ਦਾ ਖਿਤਾਬ ਦਿੱਤਾ ਗਿਆ।ਉਸਨੇ ਸੁਪਰ ਵੂਮੈਨ ਆਫ ਇੰਡੀਆ-2024 ਦਾ ਖਿਤਾਬ ਵੀ ਜਿੱਤਿਆ।ਪੰਜਾਬ ਦੇ ਨੀਰਵ ਨੂੰ ਸਟਰਾਂਗ ਟੀਨ ਬੁਆਏ ਆਫ ਇੰਡੀਆ-2024 ਅਤੇ ਗੋਆ ਦੀ ਵਿਧੀ ਗਾਓਂਕਰ ਨੂੰ ਸਟਰਾਂਗ ਟੀਨ ਗਰਲ ਆਫ ਇੰਡੀਆ-2024 ਐਲਾਨਿਆ ਗਿਆ। ਪੰਜਾਬ ਦੇ ਜੋਬਨਦੀਪ ਸਿੰਘ ਨੂੰ ਸਟਰਾਂਗ ਬੁਆਏ ਆਫ ਇੰਡੀਆ-2024 ਦਾ ਖਿਤਾਬ ਅਤੇ ਮਹਾਰਾਸ਼ਟਰ ਦੀ ਤਨਵੀ ਐਸ ਰਿਹਾਤੇ ਨੂੰ ਸਟਰਾਂਗ ਗਰਲ ਆਫ ਇੰਡੀਆ-2024 ਦਾ ਖਿਤਾਬ ਮਿਲਿਆ। ਆਰਬੀਯੂ ਦੇ ਖੇਡ ਡਾਇਰੈਕਟਰ ਡਾ: ਮਹੇਸ਼ ਜੇਤਲੀ ਨੇ ਦੱਸਿਆ ਕਿ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਜੇਤੂਆਂ ਨੂੰ ਇਨਾਮ ਵੰਡੇ।



# ਸੂਬਾ ਪੱਧਰੀ ਪੈਰਾ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਸਿਰ ਚੜ ਕੇ ਬੋਲਿਆ ਪ੍ਰਭ ਆਸਰਾ ਦੇ ਬੱਚਿਆਂ ਦਾ ਜਾਦੂ

## 09 ਸੋਨੇ, 02 ਚਾਂਦੀ ਅਤੇ 04 ਕਾਂਸੇ ਦੇ ਤਮਗਿਆਂ ਸਮੇਤ ਜਿੱਤੇ ਕੁੱਲ 15 ਤਮਗੇ

ਪੰਜਾਬ ਦਾ ਖੁਲਾਸਾ

**ਕੁਰਾਲੀ, 26 ਨਵੰਬਰ (ਪਰਮਜੀਤ ਛੰਮਾ ਪਪਰਾਲੀ)**:- ਅਲੱਗ ਤੋਂ ਖ਼ਾਸ ਬੱਚਿਆਂ (ਸਰੀਰਕ ਅਤੇ ਮਾਨਸਿਕ ਤੌਰ ਤੇ ਕਮਜੋਰ) ਲਈ 20 ਤੋਂ 25 ਨਵੰਬਰ ਤੱਕ ਪੰਜਾਬ ਸਰਕਾਰ ਵੱਲੋਂ ਸੂਬਾ ਪੱਧਰੀ 'ਪੈਰਾ ਖੇਡਾਂ ਵਤਨ ਪੰਜਾਬ ਦੀਆਂ:2024' ਅਮਿਟ ਪੈੜਾਂ ਪਾਉਂਦੀਆਂ ਸਮਾਪਤ ਹੋਈਆਂ। ਜਿਨ੍ਹਾਂ ਵਿੱਚ ਪੰਜਾਬ ਭਰ ਦੇ 25 ਜਿਲਿਆਂ ਵਿੱਚੋਂ ਵੱਖੋ-ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸੰਸਥਾਵਾਂ ਤੇ ਹੋਰ ਅਦਾਰਿਆਂ ਵੱਲੋਂ ਹਜਾਰਾਂ ਦੀ ਗਿਣਤੀ ਵਿੱਚ ਪੈਰਾ ਖਿਡਾਰੀਆਂ (ਸਰੀਰਕ ਅਤੇ ਮਾਨਸਿਕ) ਨੇ ਭਾਗ ਲਿਆ । ਇਸੇ ਦੌਰਾਨ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਦੀ ਅਗਵਾਈ ਵਿੱਚ ਸਰੀਰਕ ਅਤੇ ਮਾਨਸਿਕ ਤੌਰ ਤੇ ਕਮਜੋਰ ਅਤੇ ਬੇਸਹਾਰਾ ਲੋਕਾਂ ਅਤੇ ਬੱਚਿਆਂ ਦੀ ਸਾਂਭ ਸੰਭਾਲ ਲਈ ਕਾਰਜਸ਼ੀਲ ਸੰਸਥਾ ਪ੍ਰਭ ਆਸਰਾ, ਪਡਿਆਲਾ (ਕੁਰਾਲੀ) ਦੇ ਸ਼ਪੈਸ਼ਲ ਬੱਚਿਆਂ ਨੇ ਮੋਹਾਲੀ ਜਿਲੇ ਦੀ ਨੁਮਾਇੰਦਗੀ ਕਰਦਿਆਂ 09 ਸੋਨੇ, 02 ਚਾਂਦੀ ਅਤੇ 04 ਕਾਂਸੇ ਦੇ ਤਮਗਿਆਂ ਸਮੇਤ ਕੁੱਲ 15 ਤਮਗੇ ਜਿੱਤ ਕੇ ਫਖਰਯੋਗ ਪ੍ਰਦਰਸ਼ਨ ਕੀਤਾ । ਹਰਮਨਪ੍ਰੀਤ ਸਿੰਘ ਨੇ ਲੰਮੀ ਛਾਲ ਤੇ 1500 ਮੀਟਰ ਦੌੜ ਵਿੱਚ 02 ਸੋਨ ਤਮਗੇ, ਹਰਪ੍ਰੀਤ ਕੌਰ ਨੇ ਗੋਲਾ ਤੇ ਨੇਜਾ ਸੁੱਟਣ 'ਚ 02 ਸੋਨ ਤਮਗੇ, ਅਰਬਾਜ ਨੇ ਗੋਲਾ ਸੁੱਟਣ ਵਿੱਚ ਸੋਨ ਤਮਗਾ, ਪਲਕ ਨੇ 400 ਮੀਟਰ ਦੌੜ 'ਚ ਸੋਨ ਤਮਗਾ ਤੇ 100 ਮੀਟਰ ਵਿੱਚ ਕਾਂਸੀ ਦਾ ਤਮਗਾ, ਸੋਨੀ ਨੇ ਲੰਮੀ ਛਾਲ 'ਚ ਸੋਨ ਤਮਗਾ, ਵਿਸ਼ਨੂੰ ਨੇ ਲੰਮੀ ਛਾਲ ਤੇ ਗੋਲਾ ਸੁੱਟਣ 'ਚ 02 ਚਾਂਦੀ ਦੇ ਤਮਗੇ ਤੇ 400 ਮੀਟਰ ਦੌੜ ਵਿੱਚ ਕਾਂਸੀ ਦਾ ਤਮਗਾ, ਨਿੱਕੀ ਨੇ 1500 ਮੀਟਰ ਦੌੜ 'ਚ ਕਾਂਸੀ ਦਾ ਤਮਗਾ, ਗੁਰਵਿੰਦਰ ਕੌਰ ਨੇ 1500 ਮੀਟਰ ਦੌੜ ਵਿੱਚ ਕਾਂਸੀ ਦਾ ਤਮਗਾ ਤੇ ਏਕਮਵੀਰ ਸਿੰਘ ਨੇ ਲੰਮੀ ਛਾਲ 'ਚ ਕਾਂਸੀ ਦਾ ਤਮਗਾ ਜਿੱਤ ਕੇ ਆਪਣੀ ਸੰਸਥਾ ਅਤੇ ਮੋਹਾਲੀ ਜਿਲੇ ਦਾ ਨਾਮ ਚਮਕਾਇਆ। ਜਿਕਰਯੋਗ ਹੈ ਕਿ ਪ੍ਰਭ ਆਸਰਾ ਵੱਲੋਂ ਇਹਨਾਂ ਖਿਡਾਰੀਆਂ ਲਈ ਉਚੇਚੇ ਤੌਰ 'ਤੇ ਕੋਚਾਂ, ਖੇਡਾਂ ਦਾ ਸਾਜੋ-ਸਾਮਾਨ ਅਤੇ ਵਿਸ਼ੇਸ਼ ਖੁਰਾਕ ਦੇ ਪ੍ਰਬੰਧ ਕੀਤੇ ਹੋਏ ਹਨ।



# ਜਿਲ੍ਹੇ ਦੇ ਲੋਕਾਂ ਨੂੰ ਪਸ਼ੂ ਧਨ ਗਣਨਾ ਵਿੱਚ ਸਹਿਯੋਗ ਦੀ ਅਪੀਲ

ਪੰਜਾਬ ਦਾ ਖੁਲਾਸਾ

**ਫ਼ਰੀਦਕੋਟ, 26 ਨਵੰਬਰ (ਗੁਰਦੀਪ ਸਿੰਘ ਢਿੱਲੋਂ)**- ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਤੇ ਸ. ਗੁਰਮੀਤ ਸਿੰਘ ਖੁੱਡੀਆਂ ਮੰਤਰੀ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਦੀ ਦੇਖ ਰੇਖ ਹੇਠ 21ਵੀਂ ਪਸ਼ੂ ਗਣਨਾ ਦਾ ਆਗਾਜ਼ ਫਰੀਦਕੋਟ ਹਲਕਾ ਦੇ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਵੱਲੋਂ ਆਪਣੇ ਕਰ ਕਮਲਾਂ ਨਾਲ ਅਨੰਦੇਆਣਾਂ ਗਊਸ਼ਾਲਾ ਫਰੀਦਕੋਟ ਤੋਂ ਕੀਤਾ ਗਿਆ। ਇਸ ਮੌਕੇ ਸ. ਸੇਖੋਂ ਨੇ ਦੱਸਿਆ ਕਿ ਪਸ਼ੂਗਣਨਾ ਵਿੱਚ ਪਸ਼ੂ ਪਾਲਣ ਵਿਭਾਗ ਵੱਲੋਂ ਹਰ ਕਿਸਮ ਦੇ ਪਸ਼ੂ ਧਨ ਦੀ ਗਿਣਤੀ ਨਸਲਾਂ ਅਤੇ ਉਮਰ ਦੇ ਹਿਸਾਬ ਨਾਲ ਕੀਤੀ ਜਾਵੇਗੀ। ਇਸ ਦੌਰਾਨ ਪਸ਼ੂ ਗਣਨਾ ਦੌਰਾਨ ਪਸ਼ੂਆਂ ਦੀਆਂ ਨਸਲਾਂ ਤੇ ਗਿਣਤੀ ਬਾਰੇ ਵੀ ਪਤਾ ਲੱਗ ਸਕੇਗਾ ਅਤੇ ਭਵਿੱਖ ਵਿੱਚ ਪਸ਼ੂ ਪਾਲਕਾਂ ਲਈ ਬੇਹਤਰ ਪਾਲਿਸੀ ਤਿਆਰ ਕਰਨ ਵਿੱਚ ਮਦਦ ਮਿਲੇਗੀ। ਇਸ ਮੌਕੇ ਸ. ਸੇਖੋਂ ਵੱਲੋਂ ਆਮ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਇਸ ਗਣਨਾਂ ਵਿੱਚ ਵਿਭਾਗ ਨੂੰ ਪੂਰਾ-ਪੂਰਾ ਸਹਿਯੋਗ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਦੱਸਿਆ ਕਿ ਪਸ਼ੂ ਗਣਨਾ ਪੰਜ ਸਾਲਾਂ ਬਾਅਦ ਕਰਵਾਈ ਜਾਂਦੀ ਹੈ । ਇਸ ਮੰਤਵ ਲਈ ਜਿਲ੍ਹੇ ਵਿੱਚ 43 ਇੰਨੂਮੇਟਰ ,9 ਸੁਪਰਵਾਈਜ਼ਰ, 1 ਜਿਲ੍ਹਾ ਨੋਡਲ ਅਫ਼ਸਰ, ਅਤੇ ਤਹਿਸੀਲ ਪੱਧਰ ਤੇ ਸੀਨੀਅਰ ਵੈਟਨਰੀ ਅਫਸਰ ਲਗਾਏ ਗਏ ਹਨ। ਇੰਨਮੂਨੇਟਰ ਜੋ ਘਰ-ਘਰ ਜਾ ਕੇ ਪਸ਼ੂਆਂ ਦਾ ਨਿਰੀਖਣ ਕਰਨਗੇ ਅਤੇ ਹਰ ਇੱਕ ਇੰਨਮੂਰੇਟਰ ਨੂੰ 3000 ਦੇ ਕਰੀਬ ਘਰ ਦਿੱਤੇ ਜਾਣਗੇ ਜੋ ਪਸ਼ੂਆਂ ਦੀਆਂ ਨਸਲਾਂ ਮੁਤਾਬਕ ਸਾਰੀ ਜਾਣਕਾਰੀ ਹਾਸਿਲ ਕਰ ਕੇ ਵਿਭਾਗ ਨੂੰ ਦੇਣਗੇ। ਇਹ ਸਾਰਾ ਕੰਮ ਆਨਲਾਈਨ ਕੀਤਾ ਜਾਵੇਗਾ ਤਾਂ ਜੋ ਜਿਲ੍ਹਾ ਪੱਧਰ ਤੇ 2 ਸਹਾਇਕ ਨਿਰਦੇਸ਼ਕ ਤੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਇਸ ਕੰਮ ਦੀ ਦੇਖ-ਰੇਖ ਨਾਲ ਦੀ ਨਾਲ ਕਰ ਸਕਣ। ਇਹ ਪਸ਼ੂ ਗਣਨਾ ਨੂੰ 60 ਦਿਨ ਵਿੱਚ ਮੁਕੰਮਲ ਕੀਤਾ ਜਾਵੇਗਾ। ਇਸ ਮੌਕੇ ਅਮਨਦੀਪ ਸਿੰਘ (ਬਾਬਾ)ਚੇਅਰਮੈਨ ਮਾਰਕਿਟ ਕਮੇਟੀ ਫਰੀਦਕੋਟ ,ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ.ਰਾਜਦੀਪ ਸਿੰਘ , ਸਹਾਇਕ ਨਿਰਦੇਸ਼ਕ ਡਾ. ਜਸਵਿੰਦਰ ਕੁਮਾਰ ਗਰਗ, ਸਹਾਇਕ ਨਿਰਦੇਸ਼ਕ ਡਾ.ਸੁਰਜੀਤ ਸਿੰਘ ਮੱਲ੍ਹ, ਸੁਰਿੰਦਰ ਸਿੰਘ ਪਸ਼ੂ ਭਲਾਈ ਬੋਰਡ ਮੈਂਬਰ, ਕੁਲਦੀਪ ਸਿੰਘ ਸੇਖੋਂ ,ਗੁਰਪ੍ਰੀਤ ਸਿੰਘ ,ਡਾ. ਗੁਰਵਿੰਦਰ ਸਿੰਘ, ਡਾ. ਪ੍ਰਵੀਨ ਕੁਮਾਰ , ਸਮੂਹ ਵੈਟਰਨਰੀ ਅਫਸਰ, ਵੈਟਰਨਰੀ ਇੰਸਪੈਕਟਰ ਅਤੇ ਗਊ ਸ਼ਾਲਾ ਦੇ ਪ੍ਰਧਾਨ ਵਚੀਰ ਚੰਦ ਗੁਪਤਾ, ਯੋਗੇਸ਼ ਗਰਗ, ਰਾਜੇਸ਼ ਗੁਪਤਾ ਰਮੇਸ਼ ਗੇਰਾ, ਲਵਪ੍ਰੀਤ ਸਿੰਘ ਆਦਿ ਅਧਿਕਾਰੀ/ ਕਰਮਚਾਰੀ ਅਤੇ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਹਾਜ਼ਰ ਸਨ।

# ਭਾਰਤ ਕੋ ਜਾਨੋਂ ਰਾਜ ਪੱਧਰੀ ਕੁਇਜ਼ ਮੁਕਾਬਲੇ ਵਿੱਚ ਬਾਬਾ ਫਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਤੀਜਾ ਸਥਾਨ

ਪੰਜਾਬ ਦਾ ਖੁਲਾਸਾ

**ਫਰੀਦਕੋਟ/ਕੋਟਕਪੂਰਾ, 26 ਨਵੰਬਰ (ਗੁਰਦੀਪ ਸਿੰਘ ਢਿੱਲੋਂ)** :- ਬੀਤੇ ਦਿਨੀਂ ਬਠਿੰਡਾ ਵਿਖੇ ਭਾਰਤ ਕੋ ਜਾਨੋ ਕੁਇਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਸੀਨੀਅਰ ਵਰਗ ਦੇ ਲਗਭਗ 22 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਵਿੱਚ ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਆਪਣੀ ਵਧੀਆ ਕਾਰਗੁਜ਼ਾਰੀ ਪੇਸ਼ ਕਰਦੇ ਹੋਏ ਸੀਨੀਅਰ ਵਰਗ ਦੀ ਪਰਿਨਾਜ਼ ਕੌਰ ਬਰਾੜ ਨੌਵੀਂ, ਲਵਲੀਨ ਕੌਰ ਨੌਵੀਂ ਨੇ ਤੀਜਾ ਸਥਾਨ ਹਾਸਿਲ ਕੀਤਾ। ਇਹਨਾਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਦੇ ਅਧਿਕਾਰੀਆਂ ਵੱਲੋਂ ਇਹਨਾਂ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕੀਤੀ ਗਈ ਅਤੇ ਨਾਲ ਹੀ ਉਹਨਾਂ ਨੇ ਸਾਰੇ ਵਿਦਿਆਰਥੀਆਂ ਨੂੰ ਹੋਰ ਵੀ ਕਰੜੀ ਮਿਹਨਤ ਕਰਨ ਦੇ ਲਈ ਪ੍ਰੇਰਿਆ ਤੇ ਕਿਹਾ ਕਿ ਸਾਨੂੰ ਆਪਣੀਆਂ ਕਮੀਆਂ ਤੋਂ ਸਿੱਖਦੇ ਹੋਏ ਅੱਗੇ ਵਧਣ ਦੇ ਲਈ ਦ੍ਰਿੜ ਇਰਾਦਾ ਕਰਨਾ ਚਾਹੀਦਾ ਹੈ। ਅਦਾਰੇ ਦੇ ਚੇਅਰਮੈਨ ਸਿਮਰਜੀਤ ਸਿੰਘ ਸੇਖੋਂ ਨੇ ਵੀ ਇਹਨਾਂ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਭਵਿੱਖ ਵਿੱਚ ਹੋਰ ਉਚੇਰੀਆਂ ਪ੍ਰਾਪਤੀਆਂ ਹਾਸਲ ਕਰਨ ਦੇ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਸਾਨੂੰ ਹਮੇਸ਼ਾ ਚੜ੍ਹਦੀਕਲਾ ਵਿੱਚ ਰਹਿ ਕੇ ਹੀ ਅੱਗੇ ਵਧਣਾ ਚਾਹੀਦਾ ਹੈ। ਉੱਚੀ ਸੋਚ ਅਤੇ ਆਸ਼ਾਵਾਦੀ ਰਹਿਣ ਵਾਲਾ ਵਿਅਕਤੀ ਹੀ ਆਪਣੀ ਜ਼ਿੰਦਗੀ ਦੇ ਹਰ ਮੁਕਾਮ ਨੂੰ ਹਾਸਲ ਕਰ ਸਕਦਾ ਹੈ।



# ਕਣਕ ਦੀ ਗੁਲਾਬੀ ਸੁੰਡੀ ਅਤੇ ਸੈਨਿਕ ਸੁੰਡੀ ਬਾਰੇ ਜਾਗਰੂਕ ਕਰਨ ਲਈ ਖੇਤੀ ਅਧਿਕਾਰੀਆਂ ਵਲੋਂ ਪਿੰਡਾਂ ਦੇ ਦੌਰੇ ਲਗਾਤਾਰ ਜਾਰੀ

ਪੰਜਾਬ ਦਾ ਖੁਲਾਸਾ

**ਫਰੀਦਕੋਟ, 26 ਨਵੰਬਰ (ਗੁਰਦੀਪ ਸਿੰਘ ਢਿੱਲੋਂ)**- ਮੌਸਮੀ ਤਬਦੀਲੀਆਂ ਦੇ ਚਲਦਿਆਂ ਸੈਨਿਕ ਸੁੰਡੀ ਅਤੇ ਗੁਲਾਬੀ ਸੁੰਡੀ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਖੇਤੀਬਾੜੀ ਅਧਿਕਾਰੀ /ਕਰਮਚਾਰੀਆਂ ਵੱਲੋਂ ਪਿੰਡਾਂ ਦੇ ਦੌਰੇ ਨਿਰੰਤਰ ਕੀਤੇ ਜਾ ਰਹੇ ਹਨ। ਇਸ ਮੁਹਿੰਮ ਤਹਿਤ ਬਲਾਕ ਖ਼ੇਤੀਬਾੜੀ ਅਫ਼ਸਰ ਡਾ. ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਟੀਮ ਵੱਲੋਂ ਰੱਤੀ ਰੋੜੀ ,ਡੱਗੋ ਰੋਮਾਣਾ,ਕੰਮੇਆਣਾ, ਚੇਤ ਸਿੰਘ ਵਾਲਾ ਆਦਿ ਪਿੰਡਾਂ ਦਾ ਦੌਰਾ ਕੀਤਾ ਅਤੇ ਕਿਸਾਨਾਂ ਨੂੰ ਖੇਤਾਂ ਵਿਚ ਜਾ ਕੇ ਗੁਲਾਬੀ ਅਤੇ ਸੈਨਿਕ ਸੁੰਡੀ ਬਾਰੇ ਜਾਗਰੂਕ ਕੀਤਾ। ਟੀਮ ਵਿੱਚ ਡਾਕਟਰ ਰਮਨਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ (ਪੌਦੇ ਸੁਰੱਖਿਆ),ਜਗਮੀਤ ਸਿੰਘ ਖੇਤੀ ਉਪ ਨਿਰੀਖਕ ਵੀ ਸ਼ਾਮਿਲ ਸਨ । ਇਸ ਮੌਕੇ ਡਾ. ਗੁਰਪ੍ਰੀਤ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਿਸਾਨਾਂ ਵਲੋਂ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਜਾਂ ਖੇਤਾਂ ਤੋਂ ਬਾਹਰ ਸੰਭਾਲ ਕੇ ਜ਼ੀਰੋ ਟਿੱਲ ਡਰਿੱਲ, ਹੈਪੀ ਸੀਡਰ,ਸੁਪਰ ਸੀਡਰ,ਸਮਾਰਟ ਸੀਡਰ ਨਾਲ ਕੀਤੀ ਜਾ ਰਹੀ ਹੈ ,ਜੋਂ ਅਗਲੇ ਕੁਝ ਦਿਨਾਂ ਦੌਰਾਨ ਮੁਕੰਮਲ ਹੋ ਜਾਵੇਗੀ। ਉਨਾਂ ਦੱਸਿਆ ਕਿ ਮੌਸਮੀ ਤਬਦੀਲੀਆਂ ਕਾਰਨ ਕੁਝ ਘੱਟ ਮਹੱਤਵਪੂਰਨ ਕੀੜੇ ਮੁੱਖ ਕੀੜੇ ਬਣਦੇ ਜਾ ਰਹੇ ਹਨ। ਉਨਾਂ ਕਿਹਾ ਕਿ ਕਿਸਾਨਾਂ ਨੂੰ ਕਣਕ ਦੀ ਖਾਸ ਕਰਕੇ ਹੈਪੀ ਸੀਡਰ ਜਾਂ ਮਲਚਿੰਗ ਤਕਨੀਕ ਨਾਲ ਬਿਜਾਈ ਕੀਤੀ ਫ਼ਸਲ ਦਾ ਸ਼ਾਮ ਵੇਲੇ ਸੂਰਜ ਡੁੱਬਣ ਤੋਂ ਬਾਅਦ ਨਿਰੰਤਰ ਨਿਰੀਖਣ ਕਰਨ ਦੀ ਜ਼ਰੂਰਤ ਹੈ।

ਉਨ੍ਹਾਂ ਕਿਹਾ ਕਿ ਨਵੀਆਂ ਤਕਨੀਕਾਂ ਆਉਣ ਦੇ ਨਾਲ ਕੁਝ ਕੀੜੇ ਵੀ ਫ਼ਸਲਾਂ ਵਿਚ ਆ ਜਾਂਦੇ ਹਨ ਜਿਨ੍ਹਾਂ ਵਿਚ ਕਣਕ ਦੀ ਫ਼ਸਲ ਉੱਪਰ ਤਣੇ ਦੀ ਗੁਲਾਬੀ ਸੁੰਡੀ ਅਤੇ ਸੈਨਿਕ ਸੁੰਡੀ ਅਜਿਹੇ ਕੀਟ ਹਨ ਜੋਂ ਦੀ ਕਣਕ ਦੀ ਫ਼ਸਲ ਦਾ ਬਿਜਾਈ ਤੋਂ 20-30 ਦਿਨਾਂ ਬਾਅਦ ਨੁਕਸਾਨ ਕਰਦੇ ਹਨ। ਉਨਾਂ ਦੱਸਿਆ ਕਿ ਸੈਨਿਕ ਸੁੰਡੀ ਕਣਕ ਦੀ ਫ਼ਸਲ ਦਾ ਮੁੱਖ ਕੀੜਾ ਤਾਂ ਨਹੀਂ ਪਰ ਜੇਕਰ ਇਸ ਦਾ ਖਿਆਲ ਨਾਂ ਰੱਖਿਆ ਜਾਵੇ ਤਾਂ ਇਹ ਪ੍ਰਭਾਵਤ ਫ਼ਸਲ ਖਾਸ ਕਰਕੇ ਹੈਪੀ ਸੀਡਰ ਜਾਂ ਮਲਚਿੰਗ ਤਕਨੀਕ ਨਾਲ ਬਿਜਾਈ ਕੀਤੀ ਫ਼ਸਲ ਦਾ ਪੱਤਿਆਂ ਨੂੰ ਖਾ ਕੇ ਬਹੁਤ ਨੁਕਸਾਨ ਕਰ ਦਿੰਦਾ ਹੈ। ਉਨਾਂ ਦੱਸਿਆ ਕਿ ਇਹ ਕੀੜਾ ਬਹੁਤ ਤੇਜੀ ਨਾਲ ਫੈਲਦਾ ਹੈ,ਜਿਸ ਕਾਰਨ ਇਸ ਕੀੜੇ ਦੀ ਰੋਕਥਾਮ ਸਮੇਂ ਸਿਰ ਕਰਨੀ ਬਹੁਤ ਜ਼ਰੂਰੀ ਹੈ।

ਉਨਾਂ ਦੱਸਿਆ ਕਿ ਸੈਨਿਕ ਸੁੰਡੀ ਦਾ ਰੰਗ ਹਲਕਾ ਸਲੇਟੀ ਭੂਰਾ ਹੁੰਦਾ ਹੈ ਜੋਂ ਸੂਰਜ ਡੁੱਬਣ ਤੋਂ ਬਾਅਦ ਫ਼ਸਲ ਦੇ ਪੱਤਿਆਂ ਨੂੰ ਖਾ ਕੇ ਨੁਕਸਾਨ ਕਰਦਾ ਹੈ ਅਤੇ ਦਿਨ ਸਮੇਂ ਖੇਤ ਵਿਚ ਪਈ ਪਰਾਲੀ ਜਾਂ ਮਿੱਟੀ ਦੀਆਂ ਢੀਮਾਂ ਦੇ ਹੇਠਾਂ ਛਿਪ ਕੇ ਰਹਿੰਦੀ ਹੈ। ਡਾਕਟਰ ਰਮਨਦੀਪ ਸਿੰਘ ਨੇ ਕਿਹਾ ਕਿ ਜੇਕਰ ਇਸ ਕੀੜੇ ਦਾ ਹਮਲਾ ਕਣਕ ਦੀ ਫਸਲ ਉੱਪਰ ਦਿਖਾਈ ਦੇਵੇ ਤਾਂ ਇਸ ਦੇ ਅਗਾਂਹ ਫੈਲਾਅ ਨੂੰ ਰੋਕਣ ਲਈ ਤੁਰੰਤ 40 ਮਿਲੀ ਲਿਟਰ ਕਲੋਰੈਂਟਰਾਨਿਲੀਪਰੋਲ 18.5 ਈ.ਸੀ. ਜਾਂ 400 ਮਿਲੀ ਲਿਟਰ ਕੁਇਨਲਫਾਸ 25 ਈ ਸੀ ਨੂੰ 80 ਤੋਂ 100 ਲਿਟਰ ਪਾਣੀ ਵਿਚ ਘੋਲ ਕੇ ਗੋਲ ਨੋਜ਼ਲ ਨਾਲ ਸੂਰਜ ਡੁੱਬਣ ਤੋਂ ਬਾਅਦ ਛਿੜਕਾਅ ਕਰਨਾ ਚਾਹੀਦਾ ਹੈ ਜਾਂ 7 ਕਿਲੋ ਫਿਪਰੋਨੀਲ ਜਾਂ ਇੱਕ ਲਿਟਰ ਕਲੋਰੋਪਾਈਰੀਫਾਸ 20 ਈ ਸੀ ਨੂੰ 20 ਕਿਲੋ ਸਿੱਲੀ ਮਿੱਟੀ ਵਿੱਚ ਮਿਲਾ ਕੇ ਛਟਾ ਦੇਣ ਉਪਰੰਤ ਪਾਣੀ ਲਗਾ ਦੇਣਾ ਚਾਹੀਦਾ।

ਉਨਾਂ ਕਿਹਾ ਕਿ ਪਾਣੀ ਲਗਾਉਣ ਨਾਲ ਕਣਕ ਦੀ ਫ਼ਸਲ ਫੁਟਾਰਾ ਦੁਬਾਰਾ ਹੋ ਜਾਂਦਾ ਹੈ ਇਸ ਲਈ ਘਬਰਾਉਣ ਦੀ ਨਹੀਂ ਸਮੇਂ ਸਿਰ ਢੁਕਵਾਂ ਇਲਾਜ ਕਰਨ ਦੀ ਜ਼ਰੂਰਤ ਹੈ। ਉਨਾਂ ਕਿਹਾ ਕਿ ਉਪਰੋਕਤ ਤਕਨੀਕਾਂ ਅਪਣਾ ਕੇ ਆਰਮੀ ਵਰਮ ( ਫੌਜੀ ਕੀੜਾ) ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਉਨਾਂ ਨੇ ਕਿਹਾ ਕਿ ਕੀੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਸਿਫਾਰਸ਼ਸ਼ੁਦਾ ਕੀਟਨਾਸ਼ਕਾਂ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ।



# ਰਾਗੀ ਬਾਗ ਵਾਲੇ ਸੰਤ ਬਾਬਾ ਸੰਤਾ ਸਿੰਘ ਜੀ ਦੀ ਸਲਾਨਾ ਬਰਸੀ 29 ਨਵੰਬਰ ਨੂੰ

ਪੰਜਾਬ ਦਾ ਖੁਲਾਸਾ



**ਸ਼੍ਰੀ ਅਨੰਦਪੁਰ ਸਾਹਿਬ, 26 ਨਵੰਬਰ (ਕੰਵਲ ਜੋਤ ਸਿੰਘ)** ਤਿਆਗ ਤੇ ਵੈਰਾਗ ਦੀ ਮੂਰਤ ਅਸਲ ਬ੍ਰਹਮ ਗਿਆਨੀ ਸੰਤ ਬਾਬਾ ਸੰਤਾ ਸਿੰਘ ਜੀ ਰਾਗੀ ਬਾਗ ਵਾਲਿਆਂ ਦੀ ਸਲਾਨਾ ਬਰਸੀ 29 ਨਵੰਬਰ ਦਿਨ ਸ਼ੁੱਕਰਵਾਰ ਨੂੰ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਈ ਜਾਵੇਗੀ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰਾਗੀ ਬਾਗ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਆਪਣਾ ਸਮੁੱਚਾ ਜੀਵਨ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਤੇ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਸੇਵਾ ਵਿੱਚ ਗੁਜਾਰਨ ਵਾਲੇ ਸੰਤ ਬਾਬਾ ਸੰਤਾ ਸਿੰਘ ਜੀ ਨੇ 1936 ਤੋਂ ਲੈ ਕੇ 1944 ਤੱਕ ਬਲਦਾਂ ਤੇ ਗੱਡਿਆਂ ਨਾਲ ਉਸਾਰੀ ਦੀ ਸੇਵਾ ਕਰਵਾਈ।ਉਨਾਂ ਦੱਸਿਆ ਕਿ ਜਿੱਥੇ ਅੱਜ ਕੱਲ ਭਾਈ ਨੰਦ ਲਾਲ ਪਬਲਿਕ ਸਕੂਲ ਬਣਿਆ ਹੋਇਆ ਹੈ,ਇਹ ਸਾਰੀ 65 ਵਿੱਘੇ ਥਾਂ ਤੇ ਬਾਬਾ ਸੰਤਾ ਸਿੰਘ ਜੀ ਆਪ ਖੇਤੀ ਕਰਿਆ ਕਰਦੇ ਸਨ ਤੇ ਜੋ ਵੀ ਸਬਜੀਆਂ ਤੇ ਹੋਰ ਫਸਲਾਂ ਦੀ ਉਪਜ ਹੁੰਦੀ ਸੀ ਉਹ ਸਾਰੀ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਤੇ ਕਿਲ੍ਹਾ ਅਨੰਦਗੜ੍ਹ ਸਾਹਿਬ ਵਿਖੇ ਭੇਜ ਦਿੰਦੇ ਸਨ।ਉਨਾਂ ਦੱਸਿਆ ਕਿ ਤਖਤ ਸਾਹਿਬ ਦੇ ਮੈਨੇਜਰ ਨੇ ਬਾਬਾ ਸੰਤਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਜੇਕਰ ਇਸ ਸਾਰੀ ਥਾਂ ਦੀ ਗਿਰਦਾਵਰੀ ਤਖਤ ਸਾਹਿਬ ਦੇ ਨਾਮ ਹੋ ਜਾਵੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਥੇ ਇੱਕ ਸ਼ਾਨਦਾਰ ਸਕੂਲ ਦਾ ਨਿਰਮਾਣ ਕਰਵਾ ਸਕਦੀ ਹੈ ਤੇ ਬਾਬਾ ਜੀ ਨੇ ਸੰਤ ਬਾਬਾ ਸ਼ਾਦੀ ਸਿੰਘ ਰੋਪੜ ਤੇ ਸੰਤ ਬਾਬਾ ਜਨਕ ਸਿੰਘ ਜੀ ਹਰਖੋਵਾਲ ਨਾਲ ਸਲਾਹ ਕਰਕੇ ਬਾਬਾ ਜਵਾਲਾ ਸਿੰਘ ਜੀ ਦਾ ਹੁਕਮ ਹੋਇਆ ਕਿ ਮੇਰ ਤੇਰ ਨਹੀਂ ਕਰਨੀ ਇਸ ਲਈ ਤੁਰੰਤ ਇਹ ਜਮੀਨ ਤਖਤ ਸਾਹਿਬ ਦੇ ਨਾਮ ਕਰਵਾ ਦਿੱਤੀ ਜਾਵੇ।ਉਨਾਂ ਦੱਸਿਆ ਕਿ ਸੰਤ ਬਾਬਾ ਸੰਤਾ ਸਿੰਘ ਜੀ ਨੇ ਤੁਰੰਤ ਪਟਵਾਰੀ ਨੂੰ ਬੁਲਾ ਕੇ ਦਸਤਖਤ ਕਰ ਦਿੱਤੇ ਤੇ ਜਮੀਨ ਤਖਤ ਸਾਹਿਬ ਦੇ ਨਾਮ ਚੜ ਗਈ ।ਉਨਾਂ ਦੱਸਿਆ ਕਿ ਸੈਂਕੜੇ ਮੁਰੱਬਿਆਂ ਦੇ ਮਾਲਕ ਸੰਤ ਬਾਬਾ ਸੰਤਾ ਸਿੰਘ ਜੀ ਨੇ ਆਪਣਾ ਸਮੁੱਚਾ ਜੀਵਨ ਕਾਨਿਆਂ ਦੀ ਕੱਚੀ ਛੰਨ ਵਿੱਚ ਬਤੀਤ ਕੀਤਾ ਤੇ ਇਸ ਰੱਬੀ ਰੂਹ ਬਾਰੇ ਸ਼੍ਰੀ ਅਨੰਦਪੁਰ ਸਾਹਿਬ ਦੀਆਂ ਸੰਗਤਾਂ ਨੂੰ ਵੀ ਨਾ ਪਤਾ ਲੱਗਾ।ਉਨਾਂ ਦੱਸਿਆ ਕਿ 29 ਨਵੰਬਰ ਦਿਨ ਸ਼ੁੱਕਰਵਾਰ ਨੂੰ ਬਾਬਾ ਸੰਤਾ ਸਿੰਘ ਜੀ ਦੀ ਬਰਸੀ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਮਨਾਈ ਜਾਵੇਗੀ।ਉਨਾਂ ਇਲਾਕੇ ਦੀਆਂ ਸੰਗਤਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ 29 ਤਰੀਕ ਨੂੰ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



# ਸ਼ੇਰ ਏ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂਰਕੋਟ ਰਣਸੀਂਹ ਦਾ ਇੱਕ ਵੱਡਾ ਜੱਥਾ ਖਨੌਰੀ ਬਾਰਡਰ ਵੱਲ ਰਵਾਨਾ

ਪੰਜਾਬ ਦਾ ਖੁਲਾਸਾ

## ਜਗਜੀਤ ਸਿੰਘ ਡੱਲੇਵਾਲ ਦੀ ਹਮਾਇਤ ਤੇ ਲਾ ਦਿਆਂਗੇ ਜਿੰਦ ਜਾਨ : ਸ.ਆਤਮਾਂ ਸਿੰਘ ਧੂਰਕੋਟ ਰਣਸੀਂਹ

**ਨਿਹਾਲ ਸਿੰਘ ਵਾਲਾ, 26 ਨਵੰਬਰ (ਮਨਿੰਦਰ ਸਿੰਘ ਧਾਲੀਵਾਲ)** ਪਿੰਡ ਧੂਰਕੋਟ ਰਣਸੀਂਹ ਜਿਲਾ ਮੋਗਾ ਤੋਂ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂਰਕੋਟ ਰਣਸੀਂਹ ਦੀ ਅਗਵਾਈ ਵਿੱਚ ਖਨੌਰੀ ਬਾਰਡਰ ਲਈ ਇੱਕ ਵੱਡਾ ਜੱਥਾ ਰਵਾਨਾ ਹੋਇਆ ਹੈ ਜਿੱਥੇ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਅੱਜ ਮਰਨ ਵਰਤ ਉਪਰ ਬੈਠਣਾ ਸੀ ਪਰ ਉਸ ਤੋਂ ਪਹਿਲਾਂ ਹੀ ਰਾਤ ਢਾਈ ਵਜੇ ਉਹਨਾਂ ਨੂੰ ਪੁਲਿਸ ਨੇ ਨਜਰਬੰਦ ਕਰ ਲਿਆ ਅਤੇ ਉੱਥੋਂ ਚੱਕ ਕੇ ਲੈ ਗਏ ਹਨ। ਇਸ ਤੇ ਜਿਲ੍ਹਾ ਪ੍ਰਧਾਨ ਆਤਮਾ ਸਿੰਘ ਅਤੇ ਸੂਬਾ ਪ੍ਰੈੱਸ ਸਕੱਤਰ ਬਿੱਕਰ ਸਿੰਘ ਰਾਉਂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿੰਨੇ ਮਰਜ਼ੀ ਸਾਨੂੰ ਪਾਪੜ ਵੇਲਣੇ ਪੈਣ ਜੇ ਪੁਲਿਸ ਡੱਲੇਵਾਲ ਸਾਹਿਬ ਨੂੰ ਚੁੱਕ ਕੇ ਸੰਘਰਸ਼ ਨੂੰ ਦਬਾਉਣਾ ਚਾਹੁੰਦੀ ਹੈ ਤਾਂ ਅਸੀਂ ਡੱਲੇਵਾਲ ਸਾਹਿਬ ਦੀ ਹਮਾਇਤ ਤੇ ਜਿੰਦ ਜਾਨ ਵੀ ਲਾਉਣ ਨੂੰ ਤਿਆਰ ਹਾਂ ਕਿਸੇ ਕੀਮਤ ਤੇ ਅਸੀਂ ਪਿੱਛੇ ਨਹੀਂ ਹਟਾਂਗੇ ਅਸੀਂ ਵੱਧ ਤੋਂ ਵੱਧ ਜੱਥੇ ਖਨੌਰੀ ਬਾਰਡਰ ਉੱਪਰ ਲਿਜਾ ਕੇ ਸ਼ਾਂਤਮਈ ਧਰਨੇ ਲਗਾਵਾਂਗੇ ਅਤੇ ਜੋ ਵੀ ਸਾਨੂੰ ਕੁਰਬਾਨੀ ਦੇਣੀ ਪਈ ਅਸੀਂ ਦੇਵਾਂਗੇ। ਇਸ ਵੱਡੇ ਇਕੱਠ ਨੂੰ ਵੇਖ ਕੇ ਇੰਜ ਲੱਗਦਾ ਹੈ ਕਿ ਆਤਮਾ ਸਿੰਘ ਧੂਰਕੋਟ ਰਣਸੀਂਹ ਨੂੰ ਬਹੁਤ ਸਮਰਥਨ ਮਿਲ ਰਿਹਾ ਹੈ। ਇਸ ਮੌਕੇ ਉਪਰੋਕਤ ਤੋਂ ਬਿਨਾਂ ਸੂਬਾ ਪ੍ਰੈੱਸ ਸਕੱਤਰ ਬਿੱਕਰ ਸਿੰਘ ਰਾਉਂਤਾ, ਹਰਜਿੰਦਰ ਸਿੰਘ ਨਿੱਕਾ ਨਿਹਾਲ ਸਿੰਘ ਵਾਲਾ, ਲਾਲ ਸਿੰਘ ਫੌਜੀ ਬੁਰਜਹਮੀਰਾ, ਕਰਨੈਲ ਸਿੰਘ ਇਕਾਈ ਪ੍ਰਧਾਨ ਧੂਰਕੋਟ ਰਣਸੀਂਹ, ਭਗਵਾਨ ਸਿੰਘ ਭੋਲਾ ਮੀਤ ਪ੍ਰਧਾਨ ਸੀਨੀਅਰ ਆਗੂ ਰੇਸ਼ਮ ਸਿੰਘ ਧੂਰਕੋਟ , ਜ਼ਿਲ੍ਹਾ ਪ੍ਰੈਸ ਸਕੱਤਰ ਹਰਦੀਪ ਸਿੰਘ ਹੈਪੀ ਧੂਰਕੋਟ ਰਣਸੀਂਹ ,ਦਰਸ਼ਨ ਸਿੰਘ ਬੁਰਜਹਮੀਰਾ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬੁਰਜਹਮੀਰਾ, ਸੁਖਚੈਨ ਸਿੰਘ ਚੈਨਾ ਸਲਾਹਕਾਰ, ਗੁਰਮੇਲ ਸਿੰਘ ਬੁਰਜਹਮੀਰਾ ਸਲਾਹਕਾਰ, ਸੇਵਕ ਸਿੰਘ ਬੁਰਜਹਮੀਰਾ, ਬੂਟਾ ਸਿੰਘ ਬਿਲਾਸਪੁਰ ਸੀਨੀਅਰ ਆਗੂ, ਚਰਨਾਂ ਸਿੰਘ ਰਾਉਂਤਾ, ਗੁਰਪ੍ਰੀਤ ਸਿੰਘ ਕਾਲਾ ਧੂਰਕੋਟ ਰਣਸੀਂਹ, ਕੁਲਦੀਪ ਸਿੰਘ ਕਾਲਾ ਧੂਰਕੋਟ ਰਣਸੀਂਹ, ਸਤਨਾਮ ਸਿੰਘ ਧੂਰਕੋਟ ਰਣਸੀਂਹ, ਪਰਮਿੰਦਰ ਸਿੰਘ ਡਾਲਾ, ਭਿੰਦਰ ਪ੍ਰਧਾਨ ਪੱਤੋ ਹੀਰਾ ਸਿੰਘ, ਜੁਗਨੂੰ ਪੱਤੋ ਹੀਰਾ ਸਿੰਘ ਮੱਟਾ ਸਿੰਘ ਪੱਤੋ ਹੀਰਾ ਸਿੰਘ ਅਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।

# ਫਰੀਦਕੋਟ ਪੁਲਿਸ ਵੱਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆ ਖਿਲਾਫ ਲਗਾਤਾਰ ਸਖਤ ਕਾਰਵਾਈ

ਪੰਜਾਬ ਦਾ ਖੁਲਾਸਾ

**ਫਰੀਦਕੋਟ, 26 ਨਵੰਬਰ (ਗੁਰਦੀਪ ਸਿੰਘ ਢਿੱਲੋਂ)**- ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਜੀ ਦੀ ਅਗਵਾਈ ਵਿੱਚ ਫਰੀਦਕੋਟ ਪੁਲਿਸ ਵੱਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਰੋਕਣ ਲਈ ਸਖ਼ਤ ਅਭਿਆਨ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਦਾ ਮੁੱਖ ਉਦੇਸ਼ ਸੜਕਾਂ ‘ਤੇ ਹਾਦਸਿਆਂ ਦੀ ਰੋਕਥਾਮ ਕਰਨਾ ਅਤੇ ਪਬਲਿਕ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਇਸ ਲਈ ਟ੍ਰੈਫਿਕ ਪੁਲਿਸ ਫਰੀਦਕੋਟ ਵੱਲੋਂ ਸ਼ਹਿਰ ਦੇ ਮੁੱਖ ਮਾਰਗਾਂ, ਬਜਾਰਾਂ, ਜਨਤਕ ਸਥਾਨਾਂ ਉੱਪਰ ਤਾਇਨਾਤ ਟ੍ਰੈਫਿਕ ਕਰਮਚਾਰੀਆਂ ਵੱਲੋਂ ਲਗਾਤਾਰ ਨਜਰ ਰੱਖੀ ਜਾ ਰਹੀ ਹੈ। ਜਿਹਨਾਂ ਵੱਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ।

ਫਰੀਦਕੋਟ ਟ੍ਰੈਫਿਕ ਪੁਲਿਸ ਵੱਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕਰਦਿਆਂ ਇੱਕ ਵਿਸ਼ੇਸ਼ ਅਭਿਆਨ ਦੌਰਾਨ ਵੱਡੀ ਗਿਣਤੀ ਵਿੱਚ ਚਲਾਨ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿੱਚ ਬਿਨਾ ਹੈਲਮਟ, ਸੀਟ ਬੈਲਟ ਨਾ ਲਗਾਉਣਾ, ਓਵਰਸਪੀਡਿੰਗ, ਕਾਰਾਂ ਦੀਆਂ ਖਿੜਕੀਆਂ ‘ਤੇ ਅਣ-ਅਧਿਕਾਰਤ ਕਾਲੀਆਂ ਫਿਲਮਾਂ ਅਤੇ ਕਾਲੀ ਜਾਲੀਆਂ ਅਤੇ ਗੈਰ-ਕਾਨੂੰਨੀ ਪਾਰਕਿੰਗ ਵਾਲੇ ਕੇਸ ਮੁੱਖ ਹਨ।

ਅਭਿਆਨ ਦੇ ਮੁੱਖ ਬਿੰਦੂ:×



1. ਟ੍ਰੈਫਿਕ ਨਿਯਮਾਂ ਦੀ ਉਲੰਘਣਾ:× ਬਿਨਾ ਹੈਲਮਟ, ਸੀਟ ਬੈਲਟ ਨਾ ਲਗਾਉਣਾ, ਓਵਰਸਪੀਡਿੰਗ, ਕਾਰਾਂ ਦੀਆਂ ਖਿੜਕੀਆਂ ‘ਤੇ ਅਣ-ਅਧਿਕਾਰਤ ਕਾਲੀਆਂ ਫਿਲਮਾਂ ਅਤੇ ਕਾਲੀ ਜਾਲੀਆਂ ਵਾਲਿਆ ਦੇ ਚਲਾਨ ਕੀਤੇ ਜਾ ਰਹੇ ਹਨ।
2. ਗੈਰ-ਕਾਨੂੰਨੀ ਪਾਰਕਿੰਗ: ਰੋਜ਼ਾਨਾ ਰਸਤੇ ‘ਤੇ ਗੈਰ-ਕਾਨੂੰਨੀ ਤੌਰ ‘ਤੇ ਪਾਰਕ ਕੀਤੀਆਂ ਗੱਡੀਆਂ ਖਿਲਾਫ ਕਾਰਵਾਈ ਕੀਤੀ ਗਈ।
3. ਪਾਬੰਦੀਸ਼ੁਦਾ ਵਾਹਨਾਂ ਦੀ ਜਾਂਚ: ਵਾਹਨਾਂ ਦੇ ਦਸਤਾਵੇਜ਼, ਰਜਿਸਟ੍ਰੇਸ਼ਨ ਅਤੇ ਬੀਮਾ ਆਦਿ ਦੀ ਸਖ਼ਤ ਜਾਂਚ ਕੀਤੀ ਜਾ ਰਹੀ ਹੈ।
4. ਕੰਮਰਸ਼ੀਅਲ ਵਾਹਨਾਂ ਦੀ ਜਾਂਚ: ਓਵਰਲੋਡ ਅਤੇ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਨਾ ਕਰਨ ਵਾਲੇ ਵਾਹਨਾਂ ‘ਤੇ ਫੋਕਸ।

ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆਂ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਉਹਨਾਂ ਸਪੱਸ਼ਟ ਕੀਤਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਨਾ ਸਿਰਫ ਜੁਰਮਾਨੇ ਭਰਨੇ ਪਵੇਗੇ, ਸਗੋਂ ਜ਼ਰੂਰੀ ਹੋਣ ‘ਤੇ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਫਰੀਦਕੋਟ ਪੁਲਿਸ ਵੱਲੋਂ ਪਬਲਿਕ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਲਈ ਲਗਾਤਾਰ ਟ੍ਰੈਫਿਕ ਜਾਗਰੂਕਾਂ ਕੈਪਾਂ ਦਾ ਵੀ ਆਯੋਜਨ ਕੀਤਾ ਜਾ ਰਿਹਾ ਹੈ।

# ਜ਼ਿਮਨੀ ਚੋਣਾਂ ‘ਚ ਆਪ ਦੀ ਜਿੱਤ ਨੇ ਮਾਨ ਸਰਕਾਰ ਦੇ ਕੰਮਾਂ ‘ਤੇ ਮੋਹਰ ਲਾਈ : ਸਰਪੰਚ ਰਣਧੀਰ ਸਿੰਘ ਚਹਿਲ

ਪੰਜਾਬ ਦਾ ਖੁਲਾਸਾ



**ਜੈਤੋ, 26 ਨਵੰਬਰ (ਮਨਜੀਤ ਸਿੰਘ ਢੱਲਾ)**- ਪੰਜਾਬ ਵਿੱਚ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾ ‘ਚ ਆਮ ਆਦਮੀ ਪਾਰਟੀ ਦੀ ਹੋਈ ਇਤਿਹਾਸਕ ਜਿੱਤ ਤੋਂ ਬਾਅਦ ਪਾਰਟੀ ਵਰਕਰਾਂ ਤੇ ਸੂਬੇ ਦੇ ਲੋਕਾਂ ਨੂੰ ਵਧਾਈ ਦੇਂਦਿਆ ਹੋਇਆ ਬਲਾਕ ਜੈਤੋ ਦੇ ਪਿੰਡ ਢੈਪਈ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਰਪੰਚ ਰਣਧੀਰ ਸਿੰਘ (ਧੀਰਾ ਚਹਿਲ) ਨੇ ਕਿਹਾ ਕਿ ਜ਼ਿਮਨੀ ਚੋਣਾਂ ‘ਚ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਇੱਕ ਵਾਰ ਫਿਰ ਤੋਂ ਫਤਵਾ ਦੇ ਕੇ ਸਾਬਿਤ ਕਰ ਦਿੱਤਾ ਹੈ ਕਿ ਸੂਬੇ ਦੇ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਨੀਤੀਆਂ ਤੇ ਇਸਦੇ ਵੱਲੋ ਹਰੇਕ ਵਰਗ ਦੀ ਭਲਾਈ ਲਈ ਲਏ ਗਏ ਫੈਸਲਿਆ ਤੋਂ ਸੰਤੁਸ਼ਟ ਹਨ ਤੇ ਆਪ ਦੇ ਚੰਗੇ ਕੀਤੇ ਕੰਮਾਂ ਤੇ ਵੋਟਰਾਂ ਨੇ ਮੋਹਰ ਲਾਈ ਹੈ। ਸਰਪੰਚ ਰਣਧੀਰ ਸਿੰਘ ਚਹਿਲ ਵੱਲੋਂ ਆਪ ਦੇ ਨਵੇਂ ਬਣੇ ਵਿਧਾਇਕਾਂ ਨੂੰ ਵਧਾਈ ਦਿੱਤੀ।

# ਇੰਟਰਨੈਸ਼ਨਲ ਮਿਲੇਨੀਅਮ ਸਕੂਲ ਕੋਟਕਪੂਰਾ ਵਿਖੇ ਬੱਚਿਆਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ 2024 ਨੂੰ ਲਏ ਗਏ ਨੈਤਿਕ ਸਿੱਖਿਆ ਇਮਤਿਹਾਨ ਵਿੱਚ ਮਾਰੀਆਂ ਮੱਲਾਂ

ਪੰਜਾਬ ਦਾ ਖੁਲਾਸਾ

**ਕੋਟਕਪੂਰਾ, 26 ਨਵੰਬਰ (ਗੁਰਦੀਪ ਸਿੰਘ ਢਿੱਲੋਂ)** :- ਇੰਟਰਨੈਸ਼ਨਲ ਮਿਲੇਨੀਅਮ ਸਕੂਲ ਪੰਜਗਰਾਈਾ ਕਲਾਂ ਦੇ ਬੱਚਿਆਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ 2024 ਨੂੰ ਲਏ ਗਏ ਨੈਤਿਕ ਸਿੱਖਿਆ ਇਮਤਿਹਾਨ ਵਿੱਚ ਮੱਲਾਂ ਮਾਰਨ ਲਈ ਸਫਲਤਾ ਹਾਸਲ ਕੀਤੀ ਹੈ ਸਕੂਲ ਦੇ ਚੇਅਰਮੈਨ ਜਸਕਰਨ ਸਿੰਘ ਨੇ ਖੁਸ਼ੀ ਦਾ ਇਜਹਾਰ ਕਰਦਿਆਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਮਿਤੀ 22 ਅਗਸਤ 2024 ਨੂੰ ਨੈਤਿਕ ਸਿੱਖਿਆ ਦਾ ਇਮਤਿਹਾਨ ਲਿਆ ਗਿਆ, ਜਿਸ ਵਿੱਚ ਪਹਿਲੀ ਤੋਂ ਪੰਜਵੀਂ ਪਹਿਲੇ ਦਰਜੇ ਵਿੱਚ ਸਾਡੇ ਸਕੂਲ ਦੀ ਵਿਦਿਆਰਥਣ ਜਸਮਨਜੋਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ ਸੰਗਮਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ ਨਿਮਰਤ ਕੌਰ ਬਰਾੜ ਨੇ ਤੀਜਾ ਸਥਾਨ ਹਾਸਿਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ? ਇਸ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕੌਆਡੀਨੇਟਰ ਜਗਮੋਹਨ ਸਿੰਘ ਨੇ ਬੱਚਿਆਂ ਦੀ



ਹੌਸਲਾ ਅਫਜਾਈ ਕੀਤੀ ਤੇ ਉਹਨਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ? ਇਸ ਮੌਕੇ ਬੱਚਿਆਂ ਦੇ ਮਾਪਿਆਂ ਤੇ ਬੱਚਿਆਂ ਨੂੰ ਸਕੂਲ ਦੇ ਚੇਅਰਮੈਨ ਜਸਕਰਨ ਸਿੰਘ ਵੱਲੋਂ ਬਹੁਤ ਬਹੁਤ ਵਧਾਈ ਦਿੱਤੀ ਗਈ ? ਚੇਅਰਮੈਨ ਜਸਕਰਨ ਸਿੰਘ ਨੇ ਦੱਸਿਆ ਕਿ ਸਕੂਲ ਵੱਲੋਂ ਬੱਚਿਆਂ ਵਿੱਚ ਨੈਤਿਕ ਗੁਣ ਪੈਦਾ ਕਰਨ ਲਈ ਅੱਗੇ ਵੀ ਇਹੋ ਜਿਹੇ ਉਪਰਾਲੇ ਹੁੰਦੇ ਰਹਿਣਗੇ.

# ਸਿਵਲ ਸਰਜਨ ਵਲੋਂ ਆਮ ਲੋਕਾਂ ਨੂੰ ਮਿਆਰੀ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਸਬ ਡਵੀਜਨਲ ਹਸਪਤਾਲ ਅਜਨਾਲਾ ਵਿਖੇ ਕੀਤੀ ਸਪੈਸ਼ਲ ਚੈਕਿੰਗ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ, 26 ਨਵੰਬਰ (ਦਿਨੇਸ਼ ਸੋਨੀ)** ਪੰਜਾਬ ਸਰਕਾਰ ਦੀਆਂ ਹਿਦਾਇਤਾ ਅਨੁਸਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਵਲੋਂ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਵਾਓਣ ਲਈ ਸਬ ਡਵੀਜਨਲ ਹਸਪਤਾਲ ਅਜਨਾਲਾ ਵਿਖੇ ਸਪੈਸ਼ਲ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦੌਰਾਨ ਉਹਨਾਂ ਵਲੋਂ ਓ.ਪੀ.ਡੀ., ਵਾਰਡਾਂ, ਐਕਸ-ਰੇ, ਲੇਬਰ ਰੂਮ, ਬੱਲਡ ਬੈਂਕ,



ਲੈਬ, ਐਮ.ਸੀ.ਐਚ. ਵਿਭਾਗ, ਦਵਾਈਆਂ ਦਾ ਸਟਾਕ ਅਤੇ ਅਪ੍ਰੇਸ਼ਨ ਥੀਏਟਰ ਵਿਚ ਜਾ ਕੇ ਜਾਂਚ ਕੀਤੀ ਅਤੇ ਮਰੀਜਾਂ ਪਾਸੋਂ ਮੁਫਤ ਦਵਾਈਆਂ, ਲੈਬ ਟੈਸਟ, ਐਕਸ ਰੇ, ਦੀਆਂ ਸਹੂਲਤਾਂ ਸੰਬਧੀ ਪੁਛ-ਪੜਤਾਲ ਕੀਤੀ ਗਈ। ਇਸਤੋਂ ਇਲਾਵਾ ਸਟਾਫ ਦੀ ਹਾਜਰੀ ਬਾਰੇ ਬੜੇ ਵਿਸਥਾਰ ਵਾਲ ਜਾਂਚ ਕੀਤੀ। ਜਿਸ ਦੌਰਾਨ ਕੁਝ ਲੇਟ ਪੁਹੰਚੇ ਕਰਮਚਾਰੀਆਂ ਨੂੰ ਸਖਤ ਤਾੜਨਾਂ ਕੀਤੀ ਅਤੇ ਜਵਾਬ ਤਲਬੀ ਕਰਨ ਲਈ ਕਿਹਾ। ਉਨਾ ਸਮੂਹ ਸਟਾਫ ਅਤੇ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਦਵਾਈਆਂ ਹਸਪਤਾਲ ਵਿਚੋਂ ਹੀ ਉਪਲੱਬਧ ਕਰਵਾਈਆਂ ਜਾਣ, ਸਾਫ ਸਫਾਈ ਦਾ ਧਿਆਨ ਰੱਖਿਆ ਜਾਵੇ, ਸਮੇਂ ਦੇ ਪਾਬੰਦ ਰਹਿਆ ਜਾਵੇ ਅਤੇ ਸੇਵਾ ਭਾਵਨਾਂ ਨਾਲ ਕੰਮ ਕੀਤਾ ਜਾਵੇ। ਇਸ ਚੈਕਿੰਗ ਦੌਰਾਨ ਜਿਲਾ? ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ ਅਤੇ ਜਿਲਾ? ਐਮ.ਈ.ਆਈ.ਓ. ਅਮਰਦੀਪ ਸਿੰਘ ਵੀ ਮੌਜੂਦ ਸਨ।



# ਪਿੰਡ ਮਾਣੂੰਕੇ ਦੇ ਸਾਬਕਾ ਸੈਨਿਕ ਵੈਲਫੇਅਰ ਸੋਸਾਇਟੀ ਵੱਲੋਂ ਦੋਵੇ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਵੰਡੇ ਬੂਟ

ਪੰਜਾਬ ਦਾ ਖੁਲਾਸਾ

**ਬਾਘਾ ਪੁਰਾਣਾ, 26 ਨਵੰਬਰ (ਪ ਪ)** - ਅੱਜ ਬਾਘਾ ਪੁਰਾਣਾ ਨੇੜਲੇ ਪਿੰਡ ਮਾਣੂੰਕੇ ਵਿਖੇ ਬਣੀ ਸਾਬਕਾ ਸੈਨਿਕ ਵੈਲਫੇਅਰ ਸੋਸਾਇਟੀ ਵੱਲੋਂ ਪਿੰਡ ਦੇ ਦੋਵੇਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਲੋੜਵੰਦ ਬੱਚਿਆਂ ਨੂੰ ਬੂਟ ਵੰਡੇ ਗਏ। ਇਸ ਸਮੇਂ ਸਾਬਕਾ ਸੈਨਿਕ ਵੈਲਫੇਅਰ ਸੋਸਾਇਟੀ ਦੇ ਸੁਰਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸਾਬਕਾ ਸੈਨਿਕ ਵੈਲਫੇਅਰ ਸੁਸਾਇਟੀ ਸਮੇਂ ਸਮੇਂ ਸਿਰ ਗਰੀਬ ਪਰਿਵਾਰਾਂ ਦੀ ਮਦਦ ਜਿਵੇਂ ਕਿ ਲੋੜਵੰਦ ਪਰਿਵਾਰਾਂ ਨੂੰ ਰਾਸ਼ਣ, ਦਵਾਈਆਂ ਅਤੇ ਹੋਰ ਸਹਾਇਤਾ ਵੀ ਕਰਦੇ ਰਹਿੰਦੇ ਹਨ। ਇਸ ਸਮੇਂ ਸਰਕਾਰੀ ਪ੍ਰਾਇਮਰੀ ਸਕੂਲ ਦੇ ਮੁੱਖ ਅਧਿਆਪਕ ਕੁਲਦੀਪ ਸਿੰਘ, ਹਰਕਵਲ ਕੁਮਾਰ ਅਤੇ ਸੁਰਜੀਤ ਸਿੰਘ, ਰਾਮ ਸਿੰਘ ਵਾਈਸ ਪ੍ਰਧਾਨ ਅਤੇ ਸਾਬਕਾ ਸੈਨਿਕ ਵੈਲਫੇਅਰ ਸੁਸਾਇਟੀ ਦੇ ਸਾਰੇ ਸੈਨਿਕ ਹਾਜ਼ਰ ਸਨ।

# ਪਟਿਆਲਾ ਤੋਂ ਅੰਬਾਲਾ ਸੜਕ ਨੂੰ ਚੌਹ ਮਾਰਗੀ ਕੀਤਾ ਜਾਵੇ,ਜਥੇਦਾਰ ਸੁਖਜੀਤ ਸਿੰਘ ਬਘੌਰਾ

ਪੰਜਾਬ ਦਾ ਖੁਲਾਸਾ

## ਸੰਭੂ ਬਾਰਡਰ ਬੰਦ ਹੋਣ ਕਾਰਨ ਸਾਰੀ ਆਵਾਜਾਈ ਇਥੋਂ ਲਘਣ ਕਾਰਨ ਸੜਕ ਦੀ ਹਾਲਤ ਖ਼ਸਤਾ

**ਘਨੌਰ, 26 ਨਵੰਬਰ (ਅਭਿਸ਼ੇਕ ਸੂਦ)** ਪੰਜਾਬ ਵਿੱਚ ਹਲਕਾ ਘਨੌਰ ਦੀ ਸਭ ਤੋਂ ਪੁਰਾਣੀ ਸੜਕ ਜ਼ੋ ਪਟਿਆਲਾ ਤੋਂ ਅੰਬਾਲਾ ਜ਼ੋ ਦੇਸ਼ ਦੀ ਵੰਡ ਤੋਂ ਬਾਅਦ ਜ਼ਦੋ ਪੰਜਾਬ ਵਿੱਚ ਜ਼ਮੀਨ ਦੀ ਵੰਡ ਹੋਈ ਉਸ ਸਮੇਂ ਇਸ ਸੜਕ ਜ਼ੋ ਪਟਿਆਲਾ ਤੋਂ ਅੰਬਾਲਾ ਤੋਂ ਜਿਸ ਪਿੰਡ ਜ਼ਮੀਨ ਦੀ ਵਿਚੋਂ ਲੰਘਦੀ ਹੈ ਉਸ ਵਿੱਚ ਬਕਾਇਦਾ ਇਸ ਸੜਕ ਦੇ ਖਸਰਾ ਨੰਬਰ ਹਨ ਪਰੰਤੂ ਇਸ ਜਰਨੈਲੀ ਸੜਕ ਵੱਲ ਕਿਸੇ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰੈਸ ਸਕੱਤਰ ਭਾਰਤੀ ਕਿਸਾਨ ਓਥਾਨ ਮਜ਼ਦੂਰ ਯੂਨੀਅਨ ਵੱਲੋਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਸੜਕ ਪਟਿਆਲਾ ਤੋ ਜਿਨ੍ਹਾਂ ਪਿੰਡਾਂ ਵਿੱਚੋ ਲੰਗਦੀ ਹੈ ਜਿਵੇਂ ਕਿ ਚੌਰਾ ਸ਼ੀਲ ਚਪੜ ਅਲਾਮੰਦੀਪੁਰ ਨਸੀਰਪੁਰ ਬਘੌਰਾ ਕਾਮੀ ਕਲਾਂ ਗੁਰਦੁਆਰਾ ਸ੍ਰੀ ਨਥਾਣਾ ਸਾਹਿਬ ਜੰਡ ਮਘੌਲੀ ਉਟਸ਼ਰ ਲਹੋਸਿਬਲੀ ਤੋਂ ਹੁੰਦੇ ਹੋਏ ਅੰਬਾਲਾ ਸ਼ਹਿਰ ਵਿੱਚ ਦਾਖਲ ਹੁੰਦੀ ਹੈ। ਉਹਨਾਂ ਕਿਹਾ ਇਹ ਸੜਕ ਇੱਕ ਬਿਘਾ ਚੌੜੀ ਅਤੇ ਜ਼ਮੀਨ ਵਿਚ ਇਸ ਸੜਕ ਦਾ ਨਕਸ਼ਾ ਹੈ ਅਤੇ ਹਰੇਕ ਪਿੰਡ ਦੀ ਜ਼ਮੀਨ ਵਿਚ ਇਸ ਜਰਨੈਲੀ ਸੜਕ ਦੇ ਖਸਰਾ ਨੰਬਰ ਹਨ। ਜਿਵੇਂ ਪਿੰਡ ਬਘੌਰਾ ਦੀ ਜ਼ਮੀਨ ਵਿਚ ਇਸ ਸੜਕ



ਦਾ ਖਸਰਾ ਨੰਬਰ 491 ਹੈ। ਇਸ ਤਰ੍ਹਾਂ ਹਰ ਪਿੰਡ ਵਿੱਚ ਸੜਕ ਦੇ ਖਸਰਾ ਨੰਬਰ ਹਨ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਇਹ ਸੜਕ ਸਭ ਤੋਂ ਪਹਿਲਾਂ ਜ਼ਮੀਨ ਵਿਚੋਂ ਕਟੀ ਗਈ ਸੀ ਪਰ ਇਸ ਸੜਕ ਦਾ ਨਿਰਮਾਣ ਕਿਉਂ ਨਹੀਂ ਹੋਇਆ ਜਦੋਂ ਕਿ ਸਭ ਤੋਂ ਪਹਿਲਾਂ ਇਹ ਸੜਕ ਬਣਾਉਣ ਦੀ ਲੋੜ ਸੀ ਪਰ ਜਦੋਂ ਚੰਡੀਗੜ੍ਹ ਬਠਿੰਡਾ ਹਾਈਵੇ ਤਾਂ ਬਾਅਦ ਵਿੱਚ ਜ਼ਮੀਨ ਅਕਵਾਇਰ ਕਰਕੇ ਬਣਿਆ ਹੈ ਪਰ ਇਸ ਸੜਕ ਪਟਿਆਲਾ ਤੋਂ ਅੰਬਾਲਾ ਜੋ ਬਿਲਕੁਲ ਸਿੱਧੀ ਸੜਕ ਹੈ ਇਹ ਕਿਓਂ ਨਹੀਂ ਬਣੀ ਅਗਰ ਜੇ ਇਹ ਸੜਕ ਬਣੀ ਹੁੰਦੀ ਤਾਂ ਜ਼ੋ ਇਸ ਵਕਤ ਜਿਵੇਂ ਕਿ ਜ਼ੋ ਸਵਾਰੀ ਪਟਿਆਲਾ ਤੋਂ ਅੰਬਾਲਾ ਵਾਇਆ ਰਾਜਪੁਰਾ ਤੋਂ ਜਾਂਦੀ ਹੈ ਉਸ ਨਾਲੋਂ ਇਸ ਸੜਕ ਪਟਿਆਲਾ ਤੋਂ ਅੰਬਾਲਾ ਜੇ ਬਣਦੀ ਹੈ ਤਾਂ ਪਟਿਆਲਾ ਤੋਂ ਅੰਬਾਲਾ ਵਾਇਆ ਚੌਰ ਸੀਲ ਬਘੌਰਾ 18 ਕਿਲੋਮੀਟਰ ਸਫ਼ਰ ਘਟਦਾ ਹੈਂ ਅਖੀਰ ਵਿੱਚ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਹ ਸੜਕ ਫ਼ੋਰ ਲਾਈਨ ਬਣਾਈਂ ਜਾਵੇ ਤਾਂ ਜ਼ੋ ਸਵਾਰੀ ਪਟਿਆਲਾ ਤੋਂ ਅੰਬਾਲਾ ਵਾਇਆ ਰਾਜਪੁਰਾ ਨੂੰ ਜਾਂਦੀ ਹੈ ਉਸ ਟ੍ਰੈਫਿਕ ਨੂੰ ਠੱਲ੍ਹ ਪਵੇਗੀ ।

# ਮਿਠੜਾ ਕਾਲਜ ਵਿਖੇ ਸਾਡਾ ਸੰਵਿਧਾਨ ਸਾਡਾ ਅਭਿਮਾਨ ਪ੍ਰੋਗਰਾਮ ਦਾ ਆਯੋਜਨ

ਪੰਜਾਬ ਦਾ ਖੁਲਾਸਾ

**ਫੱਤੂ ਢੀਂਗਾ, 26 ਨਵਬਰ (ਅਮਨਦੀਪ ਕੌਰ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਿੱਧੇ ਪ੍ਰਬੰਧ ਅਧੀਨ ਆਉਂਦੇ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਮਿਠੜਾ ਵਿਖੇ ਐਨਐਸਐਸ ਅਤੇ ਇਕੋ ਕਲੱਬ ਦੇ ਸਾਂਝੇ ਯਤਨਾਂ ਤਹਿਤ ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਦੀ ਰਹਿਨੁਮਾਈ ਅਧੀਨ ‘ਸਾਡਾ ਸੰਵਿਧਾਨ ਸਾਡਾ ਅਭਿਮਾਨ’ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਐਨਐਸਐਸ ਵਿੰਗ ਦੇ ਕੋਆਰਡੀਨੇਟਰ ਡਾਕਟਰ ਪਰਮਜੀਤ ਕੌਰ ਮੁਖੀ ਸਾਇੰਸ ਵਿਭਾਗ ਅਤੇ ਮੈਡਮ ਸੋਨੀਆ ਧੀਮਾਨ ਦੇ ਉਚੇਚੇ ਯਤਨਾ ਸਦਕਾ ਵਿਦਿਆਰਥੀਆਂ ਵੱਲੋਂ ਵੱਖ ਵੱਖ ਗਤੀਵਿਧੀਆਂ ਵਿੱਚ ਭਾਗ ਲਿਆ ਗਿਆ। ਇਸ ਮੌਕੇ ਪੋਲੀਟੀਕਲ ਸਾਇੰਸ ਵਿਭਾਗ ਦੇ ਮੁਖੀ ਮੈਡਮ ਪਰਮਪ੍ਰੀਤ ਕੌਰ ਦੁਆਰਾ ਇੱਕ ਵਿਸ਼ੇਸ਼ ਲੈਕਚਰ ਦਿੱਤਾ ਗਿਆ। ਜਿਸ ਵਿੱਚ ਉਹਨਾਂ ਨੇ ਵਿਦਿਆਰਥੀਆਂ ਨਾਲ ਸੰਵਿਧਾਨ ਦੀ ਇਤਿਹਾਸਿਕ ਭੂਮਿਕਾ, ਇਸਦੀ ਲੋੜ, ਬਣਤਰ ਅਤੇ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ । ਇਸ ਦੌਰਾਨ ਪੇਪਰ ਰੀਡਿੰਗ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿੱਚ ਵੱਖ ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਹਨਾਂ ਮੁਕਾਬਲਿਆਂ ਵਿੱਚ ਨਵਪ੍ਰੀਤ ਕੌਰ ਬੀ ਕਾਮ ਸਮੈਸਟਰ ਤੀਜਾ ਦੀ ਵਿਦਿਆਰਥਣ ਨੇ ਪਹਿਲਾ, ਕੋਮਲਪ੍ਰੀਤ ਕੌਰ ਬੀਐਸਸੀ ਫੈਸ਼ਨ ਡਿਜਾਇਨਿੰਗ ਸਮੈਸਟਰ




ਪੰਜਵਾਂ ਦੀ ਵਿਦਿਆਰਥਣ ਨੇ ਦੂਸਰਾ ਅਤੇ ਸਿਮਰਨਜੀਤ ਕੌਰ ਬੀਐਸਸੀ ਨਾਨ ਮੈਡੀਕਲ ਦੀ ਵਿਦਿਆਰਥਣ ਨੇ ਤੀਸਰਾ ਸਥਾਨ ਹਾਸਲ ਕੀਤਾ। ਅੰਤ ਵਿੱਚ ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਨੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਅਤੇ ਉਹਨਾਂ ਨੂੰ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮਾ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੀ ਸਮਾਪਤੀ ਸਹੁੰ ਚੁੱਕ ਸਮਾਗਮ ਨਾਲ ਕੀਤੀ ਗਈ ਜਿਸ ਵਿੱਚ ਸਮੂਹ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਦੁਆਰਾ ਸੰਵਿਧਾਨ ਪ੍ਰਤੀ ਨਿਸ਼ਠਾਵਾਨ ਰਹਿਣ ਦੀ ਸਹੁੰ ਚੁੱਕੀ ਗਈ। ਇਸ ਖਾਸ ਮੌਕੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ ਨੇ ਮੈਸ. ਕਰੀਅਰ ਸੋਲਿਊਸ਼ਨ ਦੇ ਨਾਮ ਤੇ ਲਾਇੰਸਸ ਕੀਤਾ ਰੱਦ

ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ, 26 ਨਵੰਬਰ (ਅਸ਼ੋਕ ਭਾਰਦਵਾਜ)**- ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਫਿਰੋਜ਼ਪਰ ਡਾ. ਨਿਧੀ ਕੁਮੁਦ ਬੰਬਾਹ ਨੇ ਦੱਸਿਆ ਕਿ ਸਮੁੰਦਰੀ ਪੈਟਰੋਲ ਪੰਪ ਦੇ ਸਾਹਮਣੇ ਯਾਮਾਹਾ ਸ਼ੋਅਰੂਮ ਫਿਰੋਜ਼ਪੁਰ ਛਾਉਣੀ ਦੇ ਨਾਲ ਲੱਗਦੇ ਮੈਸ. ਕਰੀਅਰ ਸੋਲਿਊਸ਼ਨ ਦੇ ਨਾਮ ਤੇ ਸੰਦੀਪ ਵਰਮਾ ਪੁੱਤਰ ਹੰਸ ਰਾਜ, ਵਾਸੀ ਮਕਾਨ ਨੰ: 43, ਬਜ਼ਾਰ ਨੰ.5, ਫਿਰੋਜ਼ਪਰ ਛਾਉਣੀ ਨੂੰ ਟਿਕਟਿੰਗ ਏਜੰਟ ਦਾ ਪੰਜਾਬ ਪ੍ਰੀਵੈਨਸ਼ਨ ਆਫ ਹਿਊਮਨ ਸਮੱਗਲਿੰਗ ਰੂਲਜ਼ ਤਹਿਤ ਲਾਇਸੰਸ ਨੰਬਰ 15/ਐੱਲਪੀਸੀ ਮਿਤੀ 12 ਜੂਨ 2018 ਜਾਰੀ ਕੀਤਾ ਗਿਆ ਸੀ ਜਿਸ ਦੀ ਮਿਆਦ ਮਿਤੀ 11 ਜੂਨ 2023 ਤੱਕ ਸੀ।

ਪ੍ਰਾਰਥੀ ਸੰਦੀਪ ਵਰਮਾ ਵੱਲੋਂ 26 ਜੂਨ 2024 ਨੂੰ ਲਿਖਤੀ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਦਫਤਰ ਵਿਖੇ ਆਪਣਾ ਲਾਇਸੰਸ ਨੰਬਰ 15/ਐੱਲਪੀਸੀ ਮਿਤੀ 12 ਜੂਨ 2018 ਨੂੰ ਕੈਂਸਲ ਕਰਨ ਸਬੰਧੀ ਬੇਨਤੀ ਪੱਤਰ ਦਿੱਤਾ ਗਿਆ। ਦਫਤਰ ਰਿਕਾਰਡ ਅਨੁਸਾਰ ਉਕਤ ਫਰਮ ਵਿਰੁੱਧ ਕੋਈ ਸ਼ਿਕਾਇਤ ਆਦਿ ਲੰਬਤ ਨਹੀਂ ਹੈ। ਇਸ ਲਈ ਪ੍ਰਾਰਥੀ ਸੰਦੀਪ ਵਰਮਾ ਨੂੰ ਜਾਰੀ ਕੀਤਾ ਗਿਆ ਲਾਇਸੰਸ ਪੰਜਾਬ ਪ੍ਰੀਵੈਨਸ਼ਨ ਆਫ ਹਿਊਮਨ ਸਮੱਗਲਿੰਗ ਰੂਲਜ਼ ਤਹਿਤ ਤੁਰੰਤ ਪ੍ਰਭਾਵ ਤੋਂ ਕੈਂਸਲ/ਰੱਦ ਕੀਤਾ ਜਾਂਦਾ ਹੈ। ਜੇਕਰ ਐਕਟ/ਰੂਲਜ਼ ਮੁਤਾਬਕ ਕਿਸੇ ਵੀ ਕਿਸਮ ਦੀ ਇਸਦੇ ਖੁੱਦ ਜਾਂ ਫਰਮ ਦੇ ਖਿਲਾਫ ਕੋਈ ਵੀ ਸ਼ਿਕਾਇਤ ਆਦਿ ਦਾ ਉਕਤ ਲਾਇਸੰਸੀ ਹਰ ਪੱਖੋਂ ਜ਼ਿੰਮੇਵਾਰ ਹੋਵੇਗਾ ਅਤੇ ਇਸ ਦੀ ਭਰਪਾਈ ਕਰਨ ਦਾ ਵੀ ਜ਼ਿੰਮੇਵਾਰ ਹੋਵੇਗਾ।

# ਬਹਾਵਲਪੁਰ ਬਰਾਦਰੀ ਮਹਾਸੰਘ ਵਲੋ 24ਵਾ ਰਾਸ਼ਨ ਵੰਡ ਸਮਾਰੋਹ ਕਰਵਾਇਆ

ਪੰਜਾਬ ਦਾ ਖੁਲਾਸਾ

**ਬੱਸੀ ਪਠਾਣਾ, 26 ਨਵੰਬਰ (ਉਦੇ ਧੀਮਾਨ)**: ਬਹਾਵਲਪੁਰ ਬਰਾਦਰੀ ਮਹਾਸੰਘ ਬਸੀ ਪਠਾਣਾ ਵਲੋ ਪ੍ਰਧਾਨ ਓਮ ਪ੍ਰਕਾਸ਼ ਮੁਖੇਜਾ ਦੀ ਪ੍ਰਧਾਨਗੀ ਵਿੱਚ ਮਹਲਾ ਗੁਰੂ ਨਾਨਕ ਪੁਰਾ ਵਿਖੇ ਮਹੀਨਾਵਾਰ 24ਵਾ ਰਾਸ਼ਨ ਵੰਡ ਸਮਾਰੋਹ ਕਰਵਾਇਆ ਗਿਆ। ਪ੍ਰਧਾਨ ਓਮ ਪ੍ਰਕਾਸ਼ ਮੁਖੇਜਾ ਵਲੋ ਸਾਝੇ ਤੋਰ ਤੇ ਦਸਿਆ ਗਿਆ। ਸਮਾਰੋਹ ਵਿੱਚ 24 ਲੋੜਵੰਦ ਪਰਿਵਾਰਾ ਨੂੰ ਰਾਸ਼ਨ ਵਡਿਆ ਗਿਆ। ਮਹਾਸੰਘ ਵਲੋ ਹਰ ਮਹੀਨੇ ਇਕ ਲੋੜਵੰਦ ਪਰਿਵਾਰ ਨਾਲ ਜੋੜਿਆ ਜਾਦਾ ਹੈ। ਮਹਾਸੰਘ ਵਲੋ ਸਹਿਰ ਵਿਚ ਸਮਾਜਿਕ ਧਾਰਮਿਕ ਸੋਸ਼ਲ ਕੰਮ ਕਰਵਾਏ ਜਾਦੇ ਹਨ। ਮਹਾਸੰਘ ਵਲੋ ਮਹਲਾ ਗੁਰੂ ਨਾਨਕ ਪੁਰਾ ਵਿੱਚ ਬਹਾਵਲਪੁਰੀ ਫ੍ਰੀ ਸਿਲਾਈ ਸੈਂਟਰ ਚਲਾਇਆ ਜਾ ਰਿਹਾ ਅਤੇ ਦੂਜਾ ਬੈਚ ਦਸਬੰਰ ਵਿੱਚ ਪੂਰਾ ਹੋ ਰਿਹਾ ਹੈ। ਨਵਾ



ਤੀਜਾ ਬੈਚ 1 ਜਨਵਰੀ 2025 ਤੋ ਸੁਰੂ ਕੀਤਾ ਜਾ ਰਿਹਾ ਹੈ। ਅਡਮੀਸਨ ਚਲ ਰਹੀ ਹੈ। ਇਸ ਮੋਕੇ ਚੈਅਰਮੈਨ ਅਰਜੁਨ ਸੇਤੀਆ, ਸਰਪ੍ਰਸਤ ਵਾਸਦੇਵ ਨੰਦਾ, ਸਰਪ੍ਰਸਤ ਮਦਨ ਲਾਲ ਟੁਲਾਨੀ, ਸਰਪ੍ਰਸਤ ਰਜਿੰਦਰ ਥਰੇਜਾ, ਸੀਨੀਅਰ ਵਾਈਸ ਚੇਅਰਮੈਨ ਕਿਸ਼ਨ ਅਰੋੜਾ, ਸੀਨੀਅਰ ਵਾਈਸ ਪ੍ਰਧਾਨ ਸੁਸੀਲ ਗਰੋਵਰ, ਵਾਈਸ ਪ੍ਰਧਾਨ ਗੋਪਾਲ ਕ੍ਰਿਸ਼ਨ ਹਸੀਜਾ, ਕੈਸੀਅਰ ਰਾਮ ਲਾਲ ਕੋਸਲ, ਜਤਿੰਦਰ ਕੁਮਾਰ ਬਿਲੂ, ਰਾਧੇ ਸਿਆਮ, ਰਕੇਸ਼ ਰਬੜ,ਸੁਰੇਸ਼ ਕੁਮਾਰ ਕਾਕਾ ਪ੍ਰਵੀਨ ਮੁਖੇਜਾ ਕੇਵਲ ਸਿੰਘ ਹਾਜ਼ਰ ਸਨ।

### ਮਾਮਲਾ : ਹਾਊਸਿੰਗ ਬੋਰਡ ਕਾਲੋਨੀ ਫਿਰੋਜ਼ਪੁਰ ਸਥਿਤ ਕੰਡਮ ਕੁਆਟਰਾਂ ਦਾ

# ਕਿਸਦੀ ਮਨਜ਼ੂਰੀ ਤੇ ਮੌਤ ਦੇ ਸਾਏ ਹੇਠ ਰਹਿ ਰਹੇ ਨੇ ਕੰਡਮ ਕੁਆਟਰਾਂ ‘ਚ ਲੋਕ

ਸਰਕਾਰੀ ਅੰਕੜਿਆਂ ਦੇ ਕਾਗਜਾਂ ਚ ਕੰਡਮ ਤੇ ਅਸਲ ‘ਚ ਹਨ ਰਿਹਾਇਸ਼ੀ ਕੁਆਟਰ।
ਕੌਣ ਕਰਦਾ ਹੈ ਵਸੂਲੀ ਇਹਨਾਂ ਕੁਆਟਰਾਂ ਦੀ।
ਪ੍ਰਸ਼ਾਸ਼ਨ ਕਰ ਰਿਹਾ ਕਿਸੇ ਵੱਡੇ ਹਾਦਸੇ ਦੀ ਉਡੀਕ।



ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ 26 ਨਵੰਬਰ (ਅਸ਼ੋਕ ਭਾਰਦਵਾਜ)** ਕਿਸੇ ਸਮੇ ਫਿਰੋਜ਼ਪੁਰ ਸ਼ਹਿਰ ਦਾ ਪੋਸ਼ ਇਲਾਕਾ ਮੰਨਿਆ ਜਾਂਦਾ ਸੀ ਸ਼ਹਿਰ ਸਥਿਤ ਹਾਊਸਿੰਗ ਬੋਰਡ ਕਾਲੋਨੀ ਵਾਲਾ ਇਲਾਕਾ ਕਿਉਕਿ ਇਹ ਵੱਖਰੇ ਦੇ ਨਾਲ ਨਾਲ ਸਹੂਲਤਾਂ ਪੱਖੋ ਬਹੁਤ ਵਧੀਆਂ ਸੀ ਕਿਉਕਿ ਇਸ ਇਲਾਕੇ ਚ ਜਿਆਦਾਤਰ ਸਰਕਾਰੀ ਦਫਤਰਾਂ ਦਾ ਅਮਲਾ ਰਹਿੰਦਾ ਸੀ ਤੇ ਫਿਰ ਹੋਲੀ ਹੋਲੀ ਲੋਕਲ ਲੈਵਲ ਮੁਲਾਜ਼ਮ ਇਹ ਕੁਆਟਰ ਛੱਡ ਕੇ ਆਪਣੇ ਮਕਾਨਾਂ ਚ ਸ਼ਿਫਟ ਹੋ ਗਏ ਤੇ ਸਮਾਂ ਬੀਤ ਜਾਣ ਦੇ ਨਾਲ ਨਾਲ ਇਹਨਾਂ ਕੁਆਟਰਾਂ ਦੀ ਹਾਲਤ ਦਿਨੋ ਦਿਨ ਬਦ ਤੋ ਬਦਤਰ ਹੋ ਗਈ ਤੇ ਆਖਿਰ ਨੂੰ ਇਹਨਾਂ ਕੁਆਟਰਾਂ ਚੋ ਕੁੱਝ ਕੁ ਕੁਆਟਰਾਂ ਨੂੰ ਕੰਡਮ ਐਲਾਨਿਆ ਗਿਆ ਹੈ। ਕੰਡਮ ਕੁਆਟਰਾਂ ਦਾ ਜਿਕਰ ਤੇ ਗਿਣਤੀ ਇੱਕ ਆਰ ਟੀ ਆਈ ਰਾਹੀ ਕੀਤੀ ਗਈ ਪਰ ਹੈਰਾਨੀ ਦੀ ਗੱਲ ਉਦੋ ਹੋਈ ਜਦੋ ਕੰਡਮ ਕੁਆਟਰ ਚ ਜਾ ਕੇ ਦੇਖਿਆ ਗਿਆ ਤਾਂ ਲੋਕ ਮੌਤ ਦੇ ਸਾਏ ਹੇਠ ਇਹਨਾਂ ਕੁਆਟਰਾਂ ਚ ਪਤਾ ਨਹੀ ਕਿਸ ਦੀ ਮਨਜ਼ੂਰੀ ਤੇ ਮਿਲੀਭੁਗਤ ਨਾਲ ਰਹਿ ਰਹੇ ਹਨ। ਭਵਿੱਖ ਚ ਜੇਕਰ ਕੋਈ ਅਣਸੁਖਾਵੀ ਘਟਨਾ ਹੁੰਦੀ ਹੈ ਤਾਂ ਇਸ ਲਈ ਕੋਣ ਜਿੰਮੇਵਾਰ ਹੋਵੇਗਾ। ਇੱਕ ਹੈਰਾਨੀ ਦੀ ਗੱਲ ਇਹ ਵੀ ਹੈ ਕਿ ਇਹਨਾਂ ਕੁਆਟਰਾਂ ਦੀ ਕਿਰਾਏ ਦੀ ਵਸੂਲੀ ਕੋਣ ਕਰਦਾ ਹੋਵੇਗਾ। ਹਜੇ ਪਿਛਲੇ ਦਿਨੀ ਹੀ ਇਹਨਾਂ ਕੁਆਟਰਾਂ ਚੋ ਪਾਕਿਸਤਾਨੀ ਵਿਅਕਤੀ ਫੜਿਆ ਗਿਆ ਸੀ ਸੋ ਇਹਨਾਂ ਕੰਡਮ ਕੁਆਟਰਾਂ ਚ ਰਹਿਣ ਵਾਲੇ ਲੋਕਾਂ ਦਾ ਪੱਕੇ ਪਤੇ ਦੇ ਸਬੂਤ ਦੀ ਕਿਸੇ ਕੋਲ ਵੀ ਕੋਈ ਪੁਖਤਾ ਜਾਣਕਾਰੀ ਨਹੀ ਹੈ ਜੋ ਕਿ ਸਰਹੱਦੀ ਏਰੀਏ ਲਈ ਬੜੀ ਵੱਡੀ ਚੁਣੋਤੀ ਹੈ। ਕਿਉਕਿ ਇਸ ਕੁਆਟਰਾਂ ਚ ਬਗੈਰ ਤਫਤੀਸ਼ਸ਼ੁਦਾ ਪਤਾ ਨਹੀ ਕਿੰਨੇ ਲੋਕ ਰਹਿ ਰਹੇ ਹਨ। ਸੋ ਹੁਣ ਦੇਖਣਾ ਇਹ ਹੋਵੇਖਾ ਕਿ ਮੌਤ ਦੇ ਸਾਏ ਹੇਠ ਰਹਿਣ ਵਾਲੇ ਲੋਕਾਂ ਦੀ ਭਵਿੱਖ ਚ ਕੋਣ ਜਿੰਮੇਵਾਰੀ ਲਏਗਾ।

# ਮੇਰੀ ਮਾਂ ਮੇਰਾ ਰੱਬ

## ਮੈਨੂੰ ਕਿਸੇ ਐਸੀ ਔਰਤ ਬਾਰੇ ਸੋਚਣ ਲਈ ਕਿਹਾ ਗਿਆ ਜਿਸ ਦੀ ਮੇਰੀ ਜ਼ਿੰਦਗੀ ਵਿੱਚ ਸਭ ਤੋਂ ਜ਼ਿਆਦਾ ਅਹਿਮੀਅਤ ਹੈ।

ਮੈਂ ਆਪਣੀ ਮਾਂ ਬਾਰੇ ਸੋਚਿਆ। ਮੈਨੂੰ ਕਿਹਾ ਗਿਆ ਕਿ ਆਪਣੀ ਮਾਂ ਦੀ ਤਸਵੀਰ ਨੂੰ ਵੇਖ ਕੇ ਤੇਰੇ ਮਨ ਵਿੱਚ ਆਉਂਦੇ ਪਹਿਲੇ ਖ਼ਿਆਲ ਨੂੰ ਤੂੰ ਲਿਖਣਾ ਹੈ। ਉਸੇ ਖ਼ਿਆਲ ਨੂੰ ਹੁਣ ਮੈਂ ਪੰਨੇ ਉੱਤੇ ਉਤਾਰਨ ਦੀ ਕੋਸ਼ਿਸ਼ ਕਰਨ ਲੱਗਿਆ ਹਾਂ। ਮੈਂ ਆਪਣੇ ਮੋਬਾਈਲ ਫ਼ੋਨ 'ਤੇ ਆਪਣੀ ਮਾਂ ਦੀ ਤਸਵੀਰ ਵੇਖ ਰਿਹਾ ਹਾਂ ਅਤੇ ਸੱਜੇ ਹੱਥ ਨਾਲ ਲਿਖ ਰਿਹਾ ਹਾਂ। ਪਿਛਲੇ ਤਿੰਨ-ਚਾਰ ਮਿੰਟ ਮੈਂ ਮਾਂ ਦੀ ਤਸਵੀਰ ਵੇਖਦਾ ਅਤੇ ਸੋਚਦਾ ਰਿਹਾ ਕਿ ਇਸ ਨੂੰ ਵੇਖ ਕੇ ਮਨ ਵਿੱਚ ਕਿਹੜਾ ਖ਼ਿਆਲ ਪੈਦਾ ਹੋ ਰਿਹਾ ਹੈ ? ਸੱਚ ਇਹ ਹੈ ਕਿ ਤਿੰਨ-ਚਾਰ ਮਿੰਟ ਮਾਂ ਦੀ ਤਸਵੀਰ ਸਿਰਫ਼ ਵੇਖਦਾ ਹੀ ਰਿਹਾ, ਮਨ ਵਿੱਚ ਕੋਈ ਖ਼ਿਆਲ ਪੈਦਾ ਨਹੀਂ ਹੋਇਆ। ਬਸ ਤਸਵੀਰ ਨੂੰ ਵੇਖੀ ਜਾ ਰਿਹਾ ਸੀ। ਕੁਝ ਸਮੇਂ ਲਈ ਭੁੱਲ ਗਿਆ ਕਿ ਤਸਵੀਰ ਨੂੰ ਵੇਖ ਕੇ ਮੈਂ ਕੁਝ ਲਿਖਣਾ ਵੀ ਹੈ। ਹੱਥ ਅਤੇ ਦਿਮਾਗ਼ ਜਿਉਂ ਕੰਮ ਕਰਨਾ ਬੰਦ ਕਰ ਗਏ ਹੋਣ। ਪਲਕਾਂ ਵੀ ਝਪਕ ਨਹੀਂ ਰਹੀਆਂ ਸਨ, ਮੈਂ ਟਿਕਟਿਕੀ ਲਾ ਕੇ ਸਿਰਫ਼ ਤਸਵੀਰ ਨੂੰ ਵੇਖੀ ਜਾ ਰਿਹਾ ਸੀ।

ਹੁਣ ਮੈਂ ਤਸਵੀਰ ਨੂੰ ਦੂਜੀ ਵਾਰ ਵੇਖ ਰਿਹਾ ਹਾਂ ਅਤੇ ਮਨ ਵਿੱਚ ਇੱਕ ਸਵਾਲ ਪੈਦਾ ਹੋਇਆ ਕਿ ਇਹ ਮੇਰੀ ਮਾਂ ਕੈਸੀ ਹੈ। ਰੱਬ ਨੇ ਇਸ ਨੂੰ ਕਿਹੋ ਜਿਹੀ ਬਣਾਇਆ ਹੈ। ਬਹੁਤ ਚੰਗੀ ਹੈ, ਰੱਬ ਵਰਗੀ, ਪਰ ਮੇਰੇ ਲਈ, ਆਪਣੇ ਪਤੀ ਲਈ, ਆਪਣੀ ਧੀ ਲਈ, ਆਪਣੇ ਪਰਿਵਾਰ ਲਈ। ਦੁਨੀਆਂ ਲਈ ਤਾਂ ਲੋਕਾਂ ਵਰਗੀ ਹੀ ਹੈ, ਕਈ ਗੱਲਾਂ 'ਚ ਚੰਗੀ, ਕਈ ਗੱਲਾਂ 'ਚ ਮਾੜੀ। ਪਰ ਮੇਰੇ ਲਈ ਮਾੜੀ ਕਿਉਂ ਨਹੀਂ ਹੈ ? ਸ਼ਾਇਦ ਇਸ ਦੀ ਜ਼ਿੰਦਗੀ ਵਿੱਚ ਮੇਰੀ ਅਹਿਮੀਅਤ ਮੇਰੀ ਜ਼ਿੰਦਗੀ ਵਿੱਚ ਇਸ ਦੀ ਅਹਿਮੀਅਤ ਨਾਲੋਂ ਵੀ ਜ਼ਿਆਦਾ ਹੈ, ਤਾਂ ਕਰਕੇ। ਜਿਹੜੀ ਤਸਵੀਰ ਮੈਂ ਹੁਣ ਵੇਖ ਰਿਹਾ ਹਾਂ ਉਸ ਵਿੱਚ ਨਿੰਮਾ ਨਿੰਮਾ ਮੁਸਕਰਾ ਰਹੀ ਹੈ। ਮਾਂ ਦੇ ਚਿਹਰੇ ਉੱਤੇ ਥੋੜ੍ਹੀ ਜਿਹੀ ਮੁਸਕਾਨ ਵੇਖ ਕੇ ਥੋੜ੍ਹੀ ਤਾਂ ਮੇਰੇ ਚਿਹਰੇ 'ਤੇ ਵੀ ਆਪਣੇ ਆਪ ਹੀ ਆ ਗਈ। ਨੀਝ ਲਾ ਕੇ ਮਾਂ ਦੀਆਂ ਅੱਖਾਂ ਦੇਖਦਿਆਂ ਇਉਂ ਲੱਗਦਾ ਏ ਜਿਵੇਂ ਸ਼ਾਖ਼ਸਾਤ ਮੈਨੂੰ ਵੇਖ ਰਹੀ ਹੋਵੇ। ਮਾਂ ਦੇ ਚਿਹਰੇ 'ਤੇ ਦਿਸਦਾ ਬੇਹੱਦ ਭੋਲਾਪਣ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਤਸਵੀਰ ਵਿੱਚ ਵੀ ਮੇਰੀ ਚਿੰਤਾ ਕਰ ਰਹੀ ਹੈ।

ਖ਼ੈਰ, ਇਸ ਤਸਵੀਰ ਨੂੰ ਹਟਾ ਕੇ ਫੋਨ ਬੰਦ ਕਰਕੇ ਪਾਸੇ ਰੱਖ ਦਿੰਦਾ ਹਾਂ। ਆਪਣੇ ਮਨ ਵਿੱਚ ਮਾਂ ਦਾ ਚਿਹਰਾ ਬਣਾਉਣ ਦੀ ਕੋਸ਼ਿਸ ਕਰਦਾ ਹਾਂ। ਕਈ ਤਰਾਂ ਦੇ ਹਾਵ-ਭਾਵ ਸਾਹਮਣੇ ਆਉਂਦੇ ਨੇ, ਹੱਸਦੀ, ਖ਼ੁਸ਼ ਹੁੰਦੀ, ਚਿੰਤਾ ਕਰਦੀ, ਥੋੜ੍ਹਾ ਜਿਹਾ ਮੁਸਕਰਾਉਂਦੀ, ਖੁੱਲ੍ਹ ਕੇ ਹੱਸਦੀ, ਹੈਰਾਨ ਹੁੰਦੀ, ਉਦਾਸ ਬੈਠੀ, ਨਾਰਾਜ਼ ਹੁੰਦੀ, ਮਮਤਾ ਲੁਟਾਉਂਦੀ, ਰੋਟੀ ਬਣਾਉਂਦੀ, ਗਰਮੀ ਵਿੱਚ ਚੁੰਨੀ ਦੇ ਪੱਲੇ ਨਾਲ ਮੂੰਹ ਤੋਂ ਪਸੀਨਾ ਪੂੰਝਦੀ, ਸਿਆਲ ਵਿੱਚ ਰਜਾਈਆਂ ਵਿਸ਼ਾਉਣੇ ਸਾਂਭਦੀ, ਸ਼ਾਲ ਨਾਲ ਇੱਕ ਪਾਸਿਉਂ ਮੂੰਹ ਢਕ ਕੇ ਧੁੱਪ ਸੇਕਦੀ, ਕੱਪੜੇ ਸਿਉਂਦੀ, ਕਮੀਜ਼ ਦੇ ਕਿਸੇ ਟੁੱਟੇ ਬਟਨ ਨੂੰ ਮੁੜ ਲਾਉਂਦੀ ਤੇ ਲਾਉਣ ਮਗਰੋਂ ਦੰਦਾਂ ਨਾਲ ਧਾਗਾ ਤੋੜਦੀ, ਗੁਆਂਢੀਆਂ ਨਾਲ ਗੱਲਾਂ ਕਰਦੀ, ਘਰ ਦੀ ਸਫ਼ਾਈ ਕਰਦੀ, ਸਾਰਾ ਦਿਨ ਕੁਝ ਨਾ ਕੁਝ ਸਮਝਾਉਂਦੀ, ਝਿੜਕਾਂ ਦਿੰਦੀ, ਰਿਸ਼ਤੇਦਾਰਾਂ ਨੂੰ ਚਾਹ ਫੜਾਉਂਦੀ, ਘਰ ਦੇ ਕਿੰਨੇ ਹੀ ਕੰਮ ਕਰਦੀ, ਪਾਠ ਕਰਦੀ, ਅਰਦਾਸ ਕਰਦੀ, ਗੁਰਦੁਆਰੇ ਜਾਂਦੀ ਦੇ ਆਦਿ। ਇਨ੍ਹਾਂ ਵਿੱਚੋਂ ਕਿਸੇ ਵੀ ਚਿਹਰੇ ਨੂੰ ਆਪਣੇ ਮਨ ਵਿੱਚ ਲੈ ਕੇ ਆਉਂਦਾ ਹਾਂ ਤਾਂ ਅੱਖਾਂ ਸਾਹਮਣੇ ਹੂ-ਬ-ਹੂ ਉਹੀ ਤਸਵੀਰ ਬਣ ਜਾਂਦੀ ਹੈ। ਤਸਵੀਰ ਵੇਖ ਕੇ ਇਹੋ ਲੱਗਦਾ ਹੈ ਕਿ ਹੁਣ ਭਾਵੇਂ ਖੁੱਲ੍ਹ ਕੇ ਹੀ ਹੱਸ ਰਹੀ ਹੈ, ਪਰ ਤਾਂ ਵੀ ਮੇਰੀ ਚਿੰਤਾ ਬਹੁਤ ਕਰਦੀ ਹੈ। ਬਹੁਤ ਪਿਆਰ ਕਰਦੀ ਹੈ। ਭਾਵੇਂ ਕਿਸੇ ਹੋਰ ਗੱਲ ਕਰਕੇ ਕਿਸੇ ਹੋਰ ਇਨਸਾਨ ਦੀ ਚਿੰਤਾ ਵਿੱਚ ਉਦਾਸ ਬੈਠੀ ਹੋਵੇ ਤਾਂ ਵੀ ਮਨ ਵਿੱਚ ਇਹੋ ਖ਼ਿਆਲ ਆਉਂਦਾ ਹੈ ਕਿ ਮੇਰੇ ਨਾਲ-ਨਾਲ ਬਾਕੀਆਂ ਦੀ ਵੀ ਕਿੰਨੀ ਚਿੰਤਾ ਕਰਦੀ ਹੈ। ਮੈਂ ਦੁਨੀਆਂ ਵਿੱਚ ਭਾਵੇਂ ਸਭ ਤੋਂ ਵੱਧ ਕਾਮਯਾਬ, ਸਭ ਤੋਂ ਵੱਧ ਸ਼ਕਤੀਸ਼ਾਲੀ ਇਨਸਾਨ ਬਣ ਜਾਵਾਂ ਉਸ ਵੇਲੇ ਵੀ ਮੇਰੀ ਚਿੰਤਾ ਕਰਨ ਵਾਲਾ ਇੱਕੋ ਇੱਕ ਸ਼ਖ਼ਸ ਮੇਰੀ ਮਾਂ ਹੀ ਹੋਵੇਗੀ। ਇਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ। ਮੇਰੀ ਮਾਂ ਕਦੇ ਕਦੇ ਬਿਮਾਰ ਹੋ ਜਾਂਦੀ ਹੈ। ਬਿਮਾਰ ਹੋਣ ਦੇ ਬਾਵਜੂਦ ਉਹ ਆਪਣੀ ਨਹੀਂ, ਮੇਰੀ ਚਿੰਤਾ ਕਰਦੀ ਹੈ। ਉਸ ਦੇ ਆਪਣੇ ਲੱਗੀ ਸੱਟ ਉਸ ਨੂੰ ਇੰਨਾ ਦੁੱਖ ਨਹੀਂ ਦਿੰਦੀ, ਪਰ ਮੇਰੇ ਲੱਗੀ ਸੱਟ ਨੂੰ ਸਹਾਰ ਨਹੀਂ ਸਕਦੀ।

ਮੈਂ ਮਨ ਵਿੱਚ ਮਾਂ ਦੀ ਗੁਰਦੁਆਰੇ ਜਾਂਦੀ ਨੂੰ ਯਾਦ ਕਰਦਾ ਹਾਂ ਤਾਂ ਮੇਰੇ ਮਨ ਵਿੱਚ ਸਵੱਲਾ ਜਿਹਾ ਅਹਿਸਾਸ ਉਤਪੰਨ ਹੁੰਦਾ ਹੈ ਕਿ ਇਹ ਗੁਰਦੁਆਰੇ ਵੀ ਸਾਡੇ ਲਈ ਹੀ ਜਾਂਦੀ ਹੈ। ਆਪਣੇ ਲਈ ਤਾਂ ਮਾਂ ਗੁਰਦੁਆਰੇ ਵੀ ਕਦੇ ਨਹੀਂ ਗਈ। ਰੱਬ ਨਾਲ ਉਸ ਦਾ ਬਹੁਤ ਪਿਆਰ ਹੈ। ਰੱਬ ਨੂੰ ਉਹ ਬਹੁਤ ਮੰਨਦੀ ਹੈ। ਉਸ ਕੋਲੋਂ ਡਰਦੀ ਵੀ ਬਹੁਤ ਹੈ ਤੇ ਡਰਦੀ ਵੀ ਸਾਡੇ ਕਰਕੇ ਹੀ ਹੈ। ਉਹ ਰੱਬ ਕੋਲੋਂ ਆਪਣੇ ਕਰਕੇ ਨਹੀਂ ਡਰਦੀ। ਉਹ ਡਰਦੀ ਹੈ ਕਿ ਮੇਰੇ ਬੱਚਿਆਂ ਨੂੰ ਕੁਝ ਹੋ ਨਾ ਜਾਵੇ। ਉਹ ਮੰਨਦੀ ਹੈ ਕਿ ਸਭ ਕੁਝ ਕਰਨ ਕਰਾਉਣ ਵਾਲਾ ਪਰਮਾਤਮਾ ਹੀ ਹੈ। ਉਹ ਗੁਰਦੁਆਰੇ ਜਾ ਕੇ ਅਰਦਾਸ ਕਰਦੀ ਹੈ। ਮੇਰੇ ਖ਼ਿਆਲ ਨਾਲ ਮੇਰੀ ਮਾਂ ਅਰਦਾਸ 'ਚ ਇਹੀ ਆਖਦੀ ਹੈ ਕਿ ਹੇ ਪਰਮਾਤਮਾ! ਮੇਰੇ ਬੱਚਿਆਂ, ਮੇਰੇ ਪਰਿਵਾਰ ਨੂੰ ਸੁੱਖ ਸ਼ਾਂਤੀ ਬਖ਼ਸ਼ੀਂ। ਉਨ੍ਹਾਂ ਉੱਤੇ ਕੋਈ ਮੁਸੀਬਤ ਨਾ ਪਵੇ। ਉਨ੍ਹਾਂ ਨੂੰ ਸਾਰੀ ਜ਼ਿੰਦਗੀ ਖ਼ੁਸ਼ ਰੱਖੀਂ, ਤਰੱਕੀਆਂ ਬਖ਼ਸ਼ੀਂ, ਸਿੱਧੇ ਰਾਹ ਪਾਈ ਰੱਖੀਂ। ਆਪਣੀ ਇਸ ਅਰਦਾਸ ਵਿੱਚ ਵੀ ਉਹ ਆਪਣੇ ਲਈ ਕੁਝ ਨਹੀਂ ਮੰਗਦੀ।

ਮੈਂ ਘਰ ਘੱਟ ਸਮਾਂ ਗੁਜ਼ਾਰਦਾ ਹਾਂ ਅਤੇ ਜ਼ਿਆਦਾ ਸਮਾਂ ਘਰ ਤੋਂ ਬਾਹਰ। ਮੈਂ ਜਦੋਂ ਵੀ, ਜਿੱਥੇ ਵੀ ਤੇ ਜਿਵੇਂ ਵੀ ਹੋਵਾਂ, ਆਪਣੀ ਮਾਂ ਬਾਰੇ ਸੋਚਣ ਲੱਗਦਾ ਹਾਂ ਤਾਂ ਮਨ ਵਿੱਚ ਇੱਕੋ ਖ਼ਿਆਲ ਆਉਂਦਾ ਹੈ ਕਿ ਉਹ ਚਾਹੇ ਕਦੋਂ ਵੀ, ਕਿਤੇ ਵੀ ਹੋਵੇਗੀ ਮੇਰੀ ਚਿੰਤਾ ਕਰਦੀ ਹੋਵੇਗੀ। ਮੈਂ ਉਸ ਦੀਆਂ ਅੱਖਾਂ ਦੇ ਸਾਹਮਣੇ ਹੋਵਾਂ ਜਾਂ ਓਹਲੇ, ਉਹ ਮੇਰੀ ਚਿੰਤਾ ਕਰਨੋਂ ਨਹੀਂ ਹਟ ਸਕਦੀ। ਸ਼ਾਇਦ ਇਸੇ ਕਰਕੇ ਉਸ ਦਾ ਪਿਆਰ ਬਾਕੀਆਂ ਨਾਲੋਂ ਖ਼ਾਸ ਹੈ। ਉਸ ਦਾ ਪਿਆਰ ਇੰਨਾ ਖ਼ਾਸ ਹੈ ਕਿਉਂ ? ਇਸ ਸਵਾਲ ਦਾ ਜਵਾਬ ਅਣਗਿਣਤ ਸ਼ਬਦਾਂ ਵਿੱਚ ਵੀ ਨਹੀਂ ਦਿੱਤਾ ਜਾ ਸਕਦਾ। ਦਰਅਸਲ, ਮਾਂ ਦਾ ਪਿਆਰ ਕਿਸੇ ਇੱਕ ਗੱਲ ਕਰਕੇ ਖ਼ਾਸ ਨਹੀਂ ਹੈ। ਬੇਅੰਤ ਗੱਲਾਂ ਉਸ ਦੇ ਪਿਆਰ ਨੂੰ ਖ਼ਾਸ ਬਣਾਉਂਦੀਆਂ ਹਨ।

ਮੈਨੂੰ ਮਾਂ ਦੀ ਤਸਵੀਰ ਕਿਸੇ ਦੁਨਿਆਵੀ ਪਦਾਰਥ ਦੀ ਸਹਾਇਤਾ ਨਾਲ ਵੇਖਣ ਦੀ ਲੋੜ ਨਹੀਂ ਪੈਂਦੀ। ਆਪਣੇ ਆਪ ਹੀ ਮਨ ਵਿੱਚ ਮਾਂ ਦੀ ਤਸਵੀਰ ਦਾ ਆਗਮਨ ਹੋ ਜਾਂਦਾ ਹੈ। ਮੈਂ ਜਦੋਂ ਵੀ ਕੋਈ ਚੰਗਾ ਜਾਂ ਕੋਈ ਮਾੜਾ ਕੰਮ ਕਰਨ ਲੱਗਾਂ, ਮੈਨੂੰ ਮਨ ਵਿੱਚ ਆਪਣੀ ਮਾਂ ਦੀ ਤਸਵੀਰ ਦਿਸਣ ਲੱਗਦੀ ਹੈ। ਚੰਗਾ ਕੰਮ ਕਰਨ ਲੱਗਿਆਂ ਮਾਂ ਨੂੰ ਯਾਦ ਕਰਦਿਆਂ ਸੋਚਦਾ ਹਾਂ ਕਿ ਇਹ ਕੰਮ ਹੋਣ ਤੋਂ ਬਾਅਦ ਉਹ ਵੀ ਕਿੰਨੀ ਖ਼ੁਸ਼ ਹੋਵੇਗੀ। ਆਪਣੀ ਗ਼ਲਤੀ ਨਾਲ ਕੋਈ ਮਾੜਾ ਕੰਮ ਕਰਨ ਲੱਗਿਆਂ ਵੀ ਮੈਨੂੰ ਮੇਰੀ ਮਾਂ ਯਾਦ ਆਉਂਦੀ ਹੈ। ਮੈਂ ਸੋਚਦਾ ਹਾਂ ਕਿ ਜਦੋਂ ਉਸ ਨੂੰ ਇਸ ਕੰਮ ਬਾਰੇ ਪਤਾ ਲੱਗੇਗਾ ਉਹ ਕੀ ਸੋਚੇਗੀ, ਕਿਤੇ ਨਾਰਾਜ਼ ਨਾ ਹੋ ਜਾਵੇ, ਕਿਤੇ ਉਦਾਸ ਨਾ ਹੋ ਜਾਵੇ, ਉਸ ਦਾ ਦਿਲ ਨਾ ਦੁਖੇ। ਅਜਿਹੇ ਸਮੇਂ ਮੇਰੇ ਮਨ ਵਿੱਚ ਉੱਭਰੀ ਮੇਰੀ ਮਾਂ ਦੀ ਤਸਵੀਰ ਹੀ ਮੈਨੂੰ ਹਰ ਮਾੜਾ ਕੰਮ ਕਰਨ ਤੋਂ ਰੋਕਦੀ ਹੈ। ਸ਼ਾਇਦ ਇਹੀ ਇਨਸਾਨ ਦੇ ਅੰਦਰ ਬੈਠੇ ਪਰਮਾਤਮਾ ਦੀ ਆਵਾਜ਼ ਹੈ। ਇਹੀ ਕੁਝ ਖ਼ਿਆਲ ਹਨ ਜੋ ਮਨ ਹੀ ਮਨ ਆਪਣੀ ਮਾਂ ਦੇ ਦੀਦਾਰ ਕਰਦਿਆਂ ਮੇਰੇ ਮਨ ਵਿੱਚ ਉੱਗ ਪੈਂਦੇ ਹਨ। ਜਾਂਦੇ ਜਾਂਦੇ ਦੋ ਸਤਰਾਂ ਯਾਦ ਆ ਗਈਆਂ ਕਿਤੇ ਪੜ੍ਹੀਆਂ ਸਨ ਕਿ ਮਾਂ ਲਈ ਸਭ ਛੱਡ ਦੇਈਂ, ਸਭ ਲਈ ਮਾਂ ਨਾ ਛੱਡੀਂ। ਪਰਮਾਤਮਾ ਮੈਨੂੰ ਇਨ੍ਹਾਂ ਗੱਲਾਂ ਉੱਤੇ ਵਿਚਾਰ ਅਤੇ ਆਚਾਰ ਕਰਨ ਦਾ ਬਲ ਬਖ਼ਸ਼ੇ। ਇਹ ਵੀ ਸੱਚ ਹੈ ਕਿ ਇਨ੍ਹਾਂ ਅਤੇ ਅਜਿਹੀਆਂ ਹੋਰ ਕਈ ਗੱਲਾਂ ਉੱਤੇ ਖ਼ਰਾ ਉਤਰਨ ਦੇ ਬਾਵਜੂਦ ਮੈਂ ਤਾ-ਉਮਰ ਆਪਣੀ ਮਾਂ ਦਾ ਦੇਣ ਨਹੀਂ ਦੇ ਸਕਦਾ।

**ਹੈਪੀ ਸਹੋਤਾ**
**ਪੱਟੀ ਸਦੀਕ**, +918288051837



## 1 ਦਸੰਬਰ ਵਿਸ਼ਵ ਏਡਸ ਦਿਵਸ ਤੇ ਵਿਸ਼ੇਸ਼

# ਮੇਰੀ ਸਿਹਤ ਮੇਰਾ ਹੱਕ ਥੀਮ ਤਹਿਤ ਮਨਾਇਆ ਜਾਵੇਗਾ 2024 ਦਾ ਵਿਸ਼ਵ ਏਡਸ ਦਿਵਸ

ਹਿਊਮਨ ਇਮਯੂਨੋ ਡੇਫੀਸ਼ੈਂਸੀ ਵਾਇਰਸ (ਐਚਆਈਵੀ) ਉਹ ਵਾਇਰਸ ਹੈ ਜੋ ਐਕਵਾਇਰਡ ਇਮਯੂਨੋ ਡੈਫੀਸ਼ੈਂਸੀ ਸਿੰਡਰੋਮ (ਏਡਜ਼) ਦਾ ਕਾਰਨ ਬਣਦਾ ਹੈ। ਜਦੋਂ ਕੋਈ ਵਿਅਕਤੀ ਏਡਜ਼ ਨਾਲ ਸੰਕਰਮਿਤ ਹੋ ਜਾਂਦਾ ਹੈ ਤਾਂ ਉਸ ਦਾ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ। ਜਿਵੇਂ ਹੀ ਇਮਿਊਨ ਸਿਸਟਮ ਕਮਜ਼ੋਰ ਹੁੰਦਾ ਹੈ ਵਿਅਕਤੀ ਨੂੰ ਜਾਨਲੇਵਾ ਲਾਗ ਰੋਗ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਇੱਕ ਵਾਰ ਜਦੋਂ ਕੋਈ ਵਿਅਕਤੀ ਐਚ ਆਈ ਵੀ ਵਾਇਰਸ ਸੰਕਰਮਿਤ ਹੋ ਜਾਂਦਾ ਹੈ ਤਾਂ ਉਹ ਜੀਵਨ ਭਰ ਸੰਕਰਮਿਤ ਹੀ ਰਹਿੰਦਾ ਹੈ। ਖ਼ਾਸ ਗੱਲ ਇਹ ਹੈ ਕਿ ਖ਼ਤਰਨਾਕ ਬਿਮਾਰੀ ਦੇ ਪਹਿਲਾ ਕੇਸ ਸਾਹਮਣੇ ਆਉਣ ਦੇ 43 ਸਾਲਾਂ ਬਾਅਦ ਵੀ ਏਡਜ਼ ਸੰਸਾਰ ਦੇ ਸਾਹਮਣੇ ਸਭ ਤੋਂ ਵੱਡੀ ਸਿਹਤ ਚੁਣੌਤੀਆਂ ਵਿੱਚੋਂ ਇੱਕ ਹੈ। ਐੱਚ.ਆਈ.ਵੀ. ਯਾਨੀ ਕਿ ਹਿਊਮਨ ਇਮਯੂਨੋਡਫੀਸ਼ੀਐਂਸੀ ਵਾਇਰਸ ਰੈਟਰੋਵਾਇਰਸ ਦੀ ਇੱਕ ਕਿਸਮ ਹੈ। ਇਸ ਦਾ ਸਿੱਧਾ ਅਸਰ ਵਿਅਕਤੀ ਦੀ ਇਮਿਊਨ ਸਿਸਟਮ 'ਤੇ ਪੈਂਦਾ ਹੈ। ਸਰੀਰ ਵਿੱਚ ਦਾਖਲ ਹੋਣ ਤੋਂ ਬਾਅਦ ਐੱਚਆਈਵੀ ਵਾਇਰਸ ਦੀ ਗਿਣਤੀ ਵਧ ਜਾਂਦੀ ਹੈ ਅਤੇ ਥੋੜ੍ਹੇ ਸਮੇਂ ਵਿੱਚ ਇਹ ਸਾਡੀ ਪ੍ਰਤੀਰੋਧਕ ਪ੍ਰਣਾਲੀ ਨੂੰ ਕਮਜ਼ੋਰ ਕਰ ਦਿੰਦੀ ਹੈ। ਇੱਕ ਵਾਰ ਜਦੋਂ ਇਹ ਵਾਇਰਸ ਸਰੀਰ ਵਿੱਚ ਦਾਖਲ ਹੋ ਜਾਂਦਾ ਹੈ ਤਾਂ ਇਸਨੂੰ ਪੂਰੀ ਤਰ੍ਹਾਂ ਖਤਮ ਕਰਨਾ ਅਸੰਭਵ ਹੈ। ਇਹ ਵਾਇਰਸ ਸਰੀਰ ਦੇ ਇਮਿਊਨ ਸਿਸਟਮ ਵਿੱਚ ਸੀਡੀ 4 ਅਤੇ ਟੀ ਸੈੱਲ ਨਾਮਕ ਚਿੱਟੇ ਰਕਤਾਣੂਆਂ ਉੱਤੇ ਹਮਲਾ ਕਰਦਾ ਹੈ। ਇਹ ਵਾਈਟ ਬਲੱਡ ਸੈੱਲ ਸਾਡੇ ਸਰੀਰ ਵਿੱਚ ਹੋਣ ਵਾਲੀ ਇਨਫੈਕਸ਼ਨ ਦਾ ਪਤਾ ਲਗਾਉਂਦੇ ਹਨ। ਐੱਚਆਈਵੀ ਸਰੀਰ ਵਿੱਚ ਦਾਖਲ ਹੋਣ ਤੋਂ ਤੁਰੰਤ ਬਾਅਦ ਸੀਡੀ 4 ਅਤੇ ਟੀ ਸੈੱਲਾਂ ਨੂੰ ਨਸ਼ਟ ਕਰ ਦਿੰਦਾ ਹੈ। ਇਸ ਕਾਰਨ ਸਾਡਾ ਇਮਿਊਨ ਸਿਸਟਮ ਬਹੁਤ ਕਮਜ਼ੋਰ ਹੋ ਜਾਂਦਾ ਹੈ। ਜਿਉਂ ਹੀ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ ਵਿਅਕਤੀ ਦੀ ਕਿਸੇ ਵੀ ਬਿਮਾਰੀ ਨਾਲ ਲੜਨ ਦੀ ਸ਼ਕਤੀ ਘੱਟ ਜਾਂਦੀ ਹੈ ਅਤੇ ਉਹ ਮਾਮੂਲੀ ਸੱਟ ਜਾਂ ਬਿਮਾਰੀ ਤੋਂ ਵੀ ਠੀਕ ਨਹੀਂ ਹੋ ਜਾਂਦਾ। ਇਸ ਸਮੇਂ ਲਗਭਗ 4 ਕਰੋੜ ਲੋਕ ਇਸ ਬਿਮਾਰੀ ਤੋਂ ਪੀੜਤ ਹਨ। ਜੇਕਰ 2021 ਦੀ ਗੱਲ ਕੀਤੀ ਜਾਵੇ ਤਾਂ 15 ਲੱਖ ਲੋਕ ਐੱਚ.ਆਈ.ਵੀ. ਸੰਕ੍ਰਮਿਤ ਹੋਏ।ਇੰਨਾ ਹੀ ਨਹੀਂ ਇਸ ਬੀਮਾਰੀ ਨੇ 2021 'ਚ 6.5 ਲੱਖ ਲੋਕਾਂ ਦੀ ਜਾਨ ਲੈ ਲਈ। ਅੰਕੜਿਆਂ ਅਨੁਸਾਰ 1981 ਵਿੱਚ ਇਸ ਬਿਮਾਰੀ ਦੀ ਖੋਜ ਦੇ ਬਾਅਦ ਤੋਂ ਹੁਣ ਤੱਕ 8 ਕਰੋੜ 42 ਲੱਖ ਤੋਂ ਵੱਧ ਲੋਕ ਏਡਜ਼ ਦੇ ਵਾਇਰਸ ਨਾਲ ਸੰਕਰਮਿਤ ਹੋ ਚੁੱਕੇ ਹਨ। ਵਰਤਮਾਨ ਵਿੱਚ ਐਚਆਈਵੀ ਸੰਕਰਮਣ ਦੇ 90 ਲੱਖ ਕੇਸ ਸਿਰਫ ਸਾਊਥ ਅਫਰੀਕਾ ਵਿੱਚ ਹਨ। ਸਾਲ 2022 ਦੇ ਅਖੀਰ ਤੱਕ ਭਾਰਤ ਵਿੱਚ ਲਗਭੱਗ 20 ਲੱਖ ਲੋਕ ਐਚਆਈਵੀ ਸੰਕਰਮਿਤ ਦੱਸੇ ਜਾ ਰਹੇ ਹਨ। ਇਹ ਅੰਕੜੇ ਐੱਚਆਈਵੀ ਏਡਜ਼ ਦੀ ਗੰਭੀਰਤਾ ਨੂੰ ਦਰਸਾਉਣ ਲਈ ਕਾਫੀ ਹਨ।

ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇੰਨੇ ਸਾਲਾਂ ਬਾਅਦ ਵੀ ਇਸ ਬਿਮਾਰੀ ਦਾ ਪੂਰਾ ਇਲਾਜ ਨਹੀਂ ਲੱਭਿਆ ਹਾਲਾਂਕਿ ਐਂਟੀਰੇਟਰੋਵਾਇਰਲ ਥੈਰੇਪੀ ਦੁਆਰਾ ਵਾਇਰਸ ਦੇ ਫੈਲਣ ਨੂੰ ਰੋਕਿਆ ਜਾ ਸਕਦਾ ਹੈ ਅਤੇ ਇੱਕ ਐੱਚਆਈਵੀ ਸੰਕਰਮਿਤ ਵਿਅਕਤੀ ਲੰਬੇ ਸਮੇਂ ਤੱਕ ਜੀ ਸਕਦਾ ਹੈ। ਜਾਣਕਾਰੀ ਅਨੁਸਾਰ 2021 ਵਿੱਚ 2 ਕਰੋੜ 87 ਲੱਖ ਲੋਕ ਐਂਟੀਰੇਟਰੋਵਾਇਰਲ ਥੈਰੇਪੀ ਦੀ ਵਰਤੋਂ ਕਰ ਰਹੇ ਸਨ। ਇਸ ਨਾਲ ਸੰਕਰਮਿਤ ਲੋਕਾਂ ਦੀ ਵੱਡੀ ਗਿਣਤੀ ਅਜੇ ਵੀ ਐਂਟੀਰੇਟਰੋਵਾਇਰਲ ਥੈਰੇਪੀ ਨਹੀਂ ਲੈ ਰਹੀ ਹੈ। ਰੋਕਥਾਮ ਹੀ ਇਸ ਬਿਮਾਰੀ ਦਾ ਇੱਕੋ ਇੱਕ ਇਲਾਜ ਹੈ।

ਏਡਜ਼ ਦੀ ਗੰਭੀਰਤਾ ਨੂੰ ਦੇਖਦੇ ਹੋਏ ਵਿਸ਼ਵ ਏਡਜ਼ ਦਿਵਸ ਹਰ ਸਾਲ 1 ਦਸੰਬਰ ਨੂੰ ਵਿਸ਼ਵ ਭਰ ਵਿੱਚ ਮਨਾਇਆ ਜਾਂਦਾ ਹੈ। ਵਿਸ਼ਵ ਏਡਜ਼ ਦਿਵਸ ਮਨਾਉਣਾ 1988 ਵਿੱਚ ਵਿਸ਼ਵ ਸਿਹਤ ਸੰਗਠਨ ਵੱਲੋਂ ਸ਼ੁਰੂ ਹੋਇਆ ਸੀ। ਇਹ ਪਹਿਲੀ ਵਾਰ 1987 ਵਿੱਚ ਗਲੋਬਲ ਏਡਜ਼ ਪ੍ਰੋਗਰਾਮ ਲਈ ਕੰਮ ਕਰ ਰਹੇ ਇੱਕ ਜਨਤਕ ਸੂਚਨਾ ਅਧਿਕਾਰੀ ਜੇਮਜ਼ ਡਬਲਯੂ. ਜੇਮਸ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ। ਬੰਨ ਅਤੇ ਥਾਮਸ ਨੇਟਰ ਨੇ ਵਿਸ਼ਵ ਏਡਜ਼ ਦਿਵਸ ਮਨਾਉਣ ਦਾ ਸੁਝਾਅ ਦਿੱਤਾ। ਵਿਸ਼ਵ ਏਡਜ਼ ਦਿਵਸ ਮਨਾਉਣ ਲਈ 1 ਦਸੰਬਰ 1988 ਨੂੰ ਚੁਣਿਆ। ਉਦੋਂ ਤੋਂ ਹਰ ਸਾਲ ਇਸ ਦਿਨ ਵਿਸ਼ਵ ਏਡਜ਼ ਦਿਵਸ ਮਨਾਇਆ ਜਾਂਦਾ ਹੈ।

ਵਿਸ਼ਵ ਏਡਜ਼ ਦਿਵਸ ਦਾ ਉਦੇਸ਼ ਲੋਕਾਂ ਵਿੱਚ ਇਸ ਬਿਮਾਰੀ ਪ੍ਰਤੀ ਜਾਗਰੂਕਤਾ ਫੈਲਾਉਣਾ ਹੈ। ਜਦੋਂ 1981 ਵਿੱਚ ਅਮਰੀਕਾ ਵਿੱਚ ਏਡਜ਼ ਦੀ ਬਿਮਾਰੀ ਦੀ ਪਹਿਲੀ ਵਾਰ ਪਛਾਣ ਹੋਈ ਸੀ, ਉਸ ਤੋਂ ਬਾਅਦ ਇਹ ਬਿਮਾਰੀ ਬਹੁਤ ਤੇਜ਼ੀ ਨਾਲ ਦੁਨੀਆ ਦੇ ਹਰ ਕੋਨੇ ਵਿੱਚ ਪਹੁੰਚਣ ਲੱਗੀ। ਕਿਉਂਕਿ ਏਡਜ਼ ਦਾ ਕੋਈ ਇਲਾਜ ਨਹੀਂ ਹੈ ਅਤੇ ਇਹ ਬਿਮਾਰੀ ਘਾਤਕ ਹੈ, ਇਸ ਲਈ ਰੋਕਥਾਮ ਅਤੇ ਪ੍ਰਹੇਜ਼ ਹੀ ਇੱਕੋ ਇੱਕ ਤਰੀਕਾ ਸੀ ਜਿਸ ਦੁਆਰਾ ਲੋਕ ਐੱਚਆਈਵੀ ਦੀ ਲਾਗ ਤੋਂ ਬਚ ਸਕਦੇ ਸਨ। ਓਸ ਸਮੇਂ ਬਿਮਾਰੀ ਨਵੀਂ ਹੋਣ ਕਾਰਨ ਐੱਚਆਈਵੀ ਪਾਜ਼ੇਟਿਵ ਹੋਣ ਦਾ ਮਤਲਬ ਸੀ ਕਿ ਸੰਕਰਮਿਤ ਵਿਅਕਤੀ ਕੁਝ ਦਿਨਾਂ ਵਿੱਚ ਮਰ ਜਾਵੇਗਾ। ਐੱਚਆਈਵੀ ਦੀ ਲਾਗ ਨੂੰ ਰੋਕਣ ਦਾ ਇੱਕੋ ਇੱਕ ਹੱਲ ਸੀਕਿ ਲੋਕਾਂ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਏਡਜ਼ ਵਾਇਰਸ ਕਿਵੇਂ ਫੈਲਦਾ ਹੈ ਅਤੇ ਇਸ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ਇਸ ਬਾਰੇ ਲੋਕਾਂ ਵਿੱਚ ਜਾਗਰੂਕਤਾ ਵਧਣੀ ਚਾਹੀਦੀ ਹੈ। ਇਸ ਮੰਤਵ ਲਈ ਹਰ ਸਾਲ 1 ਦਸੰਬਰ ਨੂੰ ਵਿਸ਼ਵ ਏਡਜ਼ ਦਿਵਸ ਮਨਾਇਆ ਜਾਣ ਲੱਗਾ। ਇਸ ਦਿਨ ਨੂੰ ਮਨਾਉਣ ਦਾ ਇੱਕ ਹੋਰ ਮਕਸਦ ਵੀ ਹੈ। ਇਸ ਦਾ ਉਦੇਸ਼ ਐੱਚਆਈਵੀ ਸੰਕਰਮਿਤ ਲੋਕਾਂ ਨਾਲ ਵਿਤਕਰੇ ਨੂੰ ਰੋਕਣਾ ਹੈ। ਪਹਿਲਾਂ ਲੋਕ ਏਡਜ਼ ਤੋਂ ਪੀੜਤ ਲੋਕਾਂ ਨੂੰ ਅਛੂਤ ਸਮਝਦੇ ਸਨ। ਸਮਾਜ ਦੇ ਇਸ ਰਵੱਈਏ ਕਾਰਨ ਲੋਕ ਐੱਚਆਈਵੀ ਦੀ ਲਾਗ ਦਾ ਟੈਸਟ ਕਰਵਾਉਣ ਤੋਂ ਵੀ ਝਿਜਕਦੇ ਸਨ। ਜਦੋਂ ਉਨ੍ਹਾਂ ਦਾ ਟੈਸਟ ਪੋਜੀਟਿਵ ਆ ਜਾਂਦਾ ਸੀ ਤਾਂ ਉਹ ਆਪਣੇ ਪਰਿਵਾਰ, ਰਿਸ਼ਤੇਦਾਰਾਂ ਜਾਂ ਦੋਸਤਾਂ ਨੂੰ ਦੱਸਣ ਵਿੱਚ ਵੀ ਸ਼ਰਮ ਮਹਿਸੂਸ ਕਰਦੇ ਸਨ। ਵਿਸ਼ਵ ਏਡਜ਼ ਦਿਵਸ ਦਾ ਉਦੇਸ਼ ਪੀੜਤ ਲੋਕਾਂ ਪ੍ਰਤੀ ਸਮਾਜ ਨੂੰ ਜਾਗਰੂਕ ਕਰਨਾ ਵੀ ਹੈ। ਇਸ ਤੋਂ ਇਲਾਵਾ ਇਸ ਆਲਮੀ ਚੁਣੌਤੀ ਨਾਲ ਨਜਿੱਠਣ ਲਈ ਫੰਡਾਂ ਦਾ ਪ੍ਰਬੰਧ ਕਰਨਾ ਵੀ ਇਸ ਦਿਵਸ ਦੇ ਉਦੇਸ਼ਾਂ ਵਿੱਚ ਸ਼ਾਮਲ ਹੈ।ਵਿਸ਼ਵ ਏਡਜ਼ ਦਿਵਸ ਵਿਸ਼ਵ ਭਰ ਵਿੱਚ ਮਾਨਤਾ ਪ੍ਰਾਪਤ ਸਭ ਤੋਂ ਮਹੱਤਵਪੂਰਨ ਅੰਤਰਰਾਸ਼ਟਰੀ ਸਿਹਤ ਦਿਨਾਂ ਵਿੱਚੋਂ ਇੱਕ ਬਣ ਗਿਆ ਹੈ।ਵਿਸ਼ਵ ਸਿਹਤ ਸੰਗਠਨ ਦਾ ਮੰਨਣਾ ਹੈ ਕਿ ਵਿਸ਼ਵ ਏਡਜ਼ ਦਿਵਸ ਐਚਆਈਵੀ/ਏਡਜ਼ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਹਾਂਮਾਰੀ ਦੇ ਵਿਰੁੱਧ ਅੰਤਰਰਾਸ਼ਟਰੀ ਏਕਤਾ ਦਿਖਾਉਣ ਲਈ ਵਿਸ਼ਵ ਭਰ ਦੇ ਲੋਕਾਂ ਨੂੰ ਇਕੱਠੇ ਕਰਦਾ ਹੈ।

**ਸਹੀ ਮਰਿਆਦਾ ਤੇ ਸਹੀ ਸਿੱਖਿਆ ਨਾਲ ਏਡਸ ਨੂੰ ਕੰਟਰੋਲ ਕੀਤਾ ਜਾ ਸਕਦਾ।**
**ਸਮਾਜਿਕ ਅਗਵਾਈ ਵਾਲੀਆਂ ਸੰਸਥਾਵਾਂ ਏਡਜ਼ ਪ੍ਰਤੀ ਜਾਗਰੂਕ ਕਰਨ ਲਈ ਨਿਭਾ ਸਕਦੀਆਂ ਹਨ ਅਹਿਮ ਰੋਲ।**

ਹਰ ਸਾਲ ਵਿਸ਼ਵ ਏਡਜ਼ ਦਿਵਸ ਲਈ ਇੱਕ ਥੀਮ ਨਿਰਧਾਰਤ ਕੀਤਾ ਜਾਂਦਾ ਹੈ। ਵਿਸ਼ਵ ਏਡਜ਼ ਦਿਵਸ 2024 ਦਾ ਥੀਮ "ਮੇਰੀ ਸਿਹਤ ਮੇਰਾ ਹੱਕ" ਹੈ।

ਦੁਨੀਆਂ ਏਡਜ਼ ਨੂੰ ਖ਼ਤਮ ਕਰ ਸਕਦੀ ਹੈ ਜੇਕਰ ਸਮਾਜ ਦੇ ਸਾਰੇ ਲੋਕ ਰਲ਼ ਕੇ ਅਗਵਾਈ ਕਰਨ। ਐਚ ਆਈ ਵੀ ਦੇ ਸੰਕ੍ਰਮਣ ਨਾਲ ਰਹਿ ਰਹੇ, ਖਤਰੇ ਵਿੱਚ, ਜਾਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਸੰਗਠਿਤ ਸਮਾਜ਼ ਇਸ ਭਿਆਨਕ ਬਿਮਾਰੀ ਨੂੰ ਰੋਕਣ ਲਈ ਪਹਿਲੀ ਕਤਾਰ ਵਿੱਚ ਹਨ । ਜੇਕਰ ਸਮਾਜ ਸੰਗਠਿਤ ਇਕਾਈ ਭਿਆਨਕ ਬਿਮਾਰੀ ਤੋਂ ਪੀੜਿਤ ਲੋਕਾਂ ਨੂੰ ਵਿਅਕਤੀ-ਕੇਂਦਰਿਤ ਜਨਤਕ ਸਿਹਤ ਸੇਵਾਵਾਂ ਨਾਲ ਜੋੜਦੇ ਹਨ, ਵਿਸ਼ਵਾਸ ਪੈਦਾ ਕਰਦੇ ਹਨ, ਨੀਤੀਆਂ ਅਤੇ ਸੇਵਾਵਾਂ ਨੂੰ ਲਾਗੂ ਕਰਦੇ ਹਨ ਤਾਂ ਮੇਰੇ ਵਿਚਾਰ ਅਨੁਸਾਰ ਇਸ ਲਾਈਲਾਜ ਬਿਮਾਰੀ ਦਾ ਇਲਾਜ ਅਤੇ ਰੋਕਥਾਮ ਸੰਭਵ ਹੈ।

ਜੇਕਰ ਆਂਕੜਿਆਂ ਤੇ ਝਾਤੀ ਮਾਰੀਏ ਤਾਂ ਪਤਾ ਚੱਲਦਾ ਹੈ ਕਿ 2021 ਵਿੱਚ 3 ਕਰੋੜ 84 ਲੱਖ ਲੋਕ ਐੱਚ.ਆਈ.ਵੀ. ਰੋਗ ਨਾਲ ਸੰਕਰਮਿਤ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ 'ਚੋਂ 54 ਫੀਸਦੀ ਔਰਤਾਂ ਹਨ। 15 ਤੋਂ 24 ਸਾਲ ਦੀ ਉਮਰ ਦੀਆਂ ਔਰਤਾਂ ਵਿੱਚ ਐੱਚਆਈਵੀ ਦੀ ਲਾਗ ਦਾ ਪ੍ਰਸਾਰ ਵੱਧ ਰਿਹਾ ਹੈ। ਹਰ ਹਫ਼ਤੇ 15 ਤੋਂ 24 ਸਾਲ ਦੀ ਉਮਰ ਦੀਆਂ ਲਗਭਗ 5 ਹਜ਼ਾਰ ਔਰਤਾਂ ਐੱਚ.ਆਈ.ਵੀ. ਫਿਰ ਵੀ, ਸਿਰਫ 85 ਪ੍ਰਤੀਸ਼ਤ ਸੰਕਰਮਿਤ ਲੋਕਾਂ ਨੂੰ ਆਪਣੀ ਲਾਗ ਬਾਰੇ ਪਤਾ ਹੈ। ਦੁਨੀਆ ਵਿੱਚ 59 ਲੱਖ ਲੋਕ ਅਜਿਹੇ ਹਨ ਜੋ ਆਪਣੇ ਇਨਫੈਕਸ਼ਨ ਬਾਰੇ ਨਹੀਂ ਜਾਣਦੇ।

ਭਾਰਤ ਦੀ ਵੱਡੀ ਆਬਾਦੀ ਵੀ ਏਡਜ਼ ਦੀ ਭਿਆਨਕ ਬਿਮਾਰੀ ਤੋਂ ਪੀੜਤ ਹੈ। ਭਾਰਤ ਵਿੱਚ ਐਚ ਆਈ ਵੀ ਏਡਜ਼ ਦਾ ਪਹਿਲਾ ਕੇਸ 1986 ਵਿੱਚ ਸਾਹਮਣੇ ਆਇਆ ਸੀ। ਇਸ ਤੋਂ ਬਾਅਦ ਦੇਸ਼ ਭਰ ਵਿੱਚ ਇਹ ਇਨਫੈਕਸ਼ਨ ਤੇਜ਼ੀ ਨਾਲ ਫੈਲ ਗਈ। ਇਸ ਚੁਣੌਤੀ ਨਾਲ ਨਜਿੱਠਣ ਲਈ ਭਾਰਤ ਸਰਕਾਰ ਨੇ 1992 ਵਿੱਚ ਨੈਸ਼ਨਲ ਏਡਜ਼ ਕੰਟਰੋਲ ਪ੍ਰੋਗਰਾਮ (©13♦) ਸ਼ੁਰੂ ਕੀਤਾ ਸੀ। ਇਸ ਪ੍ਰੋਗਰਾਮ ਦੇ ਕਾਰਨ 2012 ਵਿੱਚ ਦੇਸ਼ ਦੇ ਨੌਜਵਾਨਾਂ ਵਿੱਚ ਸਾਲਾਨਾ ਅਧਾਰ 'ਤੇ ਏਡਜ਼ ਦੇ ਨਵੇਂ ਮਾਮਲਿਆਂ ਵਿੱਚ 50% ਦੀ ਕਮੀ ਆਈ। ਅਜੇ ਵੀ ਦੇਸ਼ ਵਿੱਚ 15 ਤੋਂ 49 ਸਾਲ ਦੀ ਉਮਰ ਦੇ ਲਗਭਗ 25 ਲੱਖ ਲੋਕ ਏਡਜ਼ ਤੋਂ ਪੀੜਤ ਦੱਸੇ ਜਾ ਰਹੇ ਹਨ। ਭਾਰਤ ਨੂੰ ਇਸ ਬਿਮਾਰੀ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਵਿਚ ਲੰਮਾ ਸਮਾਂ ਲੱਗੇਗਾ।

ਵਿਸ਼ਵ ਏਡਜ਼ ਦਿਵਸ ਸਬੰਧੀ ਫੈਲਾਈ ਜਾ ਰਹੀ ਜਾਗਰੂਕਤਾ ਅਤੇ ਵੱਖ-ਵੱਖ ਸਰਕਾਰੀ ਅਤੇ ਗੈਰ ਸਰਕਾਰੀ ਸਮਾਜਿਕ ਸੰਗਠਨਾਂ ਦੇ ਯਤਨਾਂ ਸਦਕਾ ਏਡਜ਼ ਦੇ ਫੈਲਾਅ ਨੂੰ ਰੋਕਣ ਵਿੱਚ ਵਿਸ਼ਵ ਪੱਧਰ ਤੇ ਸਫ਼ਲਤਾ ਹਾਸਿਲ ਹੋਈ ਹੈ। 1996 ਵਿੱਚ ਐੱਚਆਈਵੀ ਦੀ ਲਾਗ ਆਪਣੇ ਸਿਖਰ 'ਤੇ ਸੀ। ਉਸ ਸਮੇਂ ਤੋਂ ਐੱਚਆਈਵੀ ਦੀ ਲਾਗ ਬਹੁਤ ਹੱਦ ਤੱਕ ਘਟੀ ਹੈ। ਏਡਜ਼ ਕਾਰਨ ਹੋਣ ਵਾਲੀਆਂ ਮੌਤਾਂ ਦੇ ਮਾਮਲਿਆਂ ਵਿੱਚ ਵੀ ਕਮੀ ਆਈ ਹੈ। ਅੰਕੜਿਆਂ ਅਨੁਸਾਰ ਏਡਜ਼ ਕਾਰਨ ਸਭ ਤੋਂ ਵੱਧ ਮੌਤਾਂ 2004 ਵਿੱਚ ਹੋਈਆਂ ਸਨ। ਹੁਣ ਇਸ ਵਿਚ ਗਿਰਾਵਟ ਦਰਜ ਕੀਤੀ ਗਈ ਹੈ। 2004 ਵਿੱਚ ਏਡਜ਼ ਕਾਰਨ 20 ਲੱਖ ਲੋਕਾਂ ਦੀ ਮੌਤ ਹੋ ਗਈ ਸੀ। 2021 ਵਿੱਚ ਲਗਭਗ 6.5 ਲੱਖ ਲੋਕਾਂ ਦੀ ਮੌਤ ਐਚ ਆਈ ਵੀ ਸੰਕਰਮਣ ਨਾਲ ਹੋਈ ਦੱਸੀ ਜਾ ਰਹੀ ਹੈ। ਇੱਕ ਹੋਰ ਚਿੰਤਾ ਦਾ ਵਿਸ਼ਾ ਹੈ ਕਿ 14-19 ਸਾਲ ਦੀ ਯੁਵਕ ਪੀੜ੍ਹੀ ਇਸ ਬਿਮਾਰੀ ਦੇ ਜਾਲ ਵਿਚ ਅਣਭੋਲਤਾ ਨਾਲ ਜਲਦੀ-ਜਲਦੀ ਫਸ ਰਹੀ ਹੈ।

ਐਚ ਆਈ ਵੀ ਏਡਜ ਸਬੰਧੀ ਬਹੁਤੇ ਲੋਕਾਂ ਵਿੱਚ ਹਾਲੇ ਵੀ ਗਲਤ ਫੈਹਮਿਆਂ ਭੁੱਲੇਖੇ ਮੌਜੂਦ ਹਨ।ਏਡਜ਼ ਨੂੰ ਲੈ ਕੇ ਲੋਕਾਂ ਵਿਚ ਬਹੁਤ ਸਾਰੀਆਂ ਗਲਤ ਧਾਰਨਾਵਾਂ ਹਨ। ਇਸ ਬਿਮਾਰੀ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਇਹ ਵੀ ਜ਼ਰੂਰੀ ਹੈ ਕਿ ਲੋਕਾਂ ਦੇ ਮਨਾਂ ਵਿੱਚ ਜੋ ਵੀ ਗਲਤ ਧਾਰਨਾਵਾਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਵੇ। ਸਾਫ ਤੌਰ ਤੇ ਇਹ ਦੱਸਣਾ ਚਾਹੁੰਦਾ ਹਾਂ ਕਿ ਏਡਸ ਗ੍ਰਸਤ ਵਿਅਕਤੀ ਨੂੰ ਛੂਹਣ ਨਾਲ, ਉਸਦੇ ਕੋਲ ਬੈਠਣ ਜਾਂ ਉਸ ਨਾਲ ਗੱਲਾਂ ਕਰਨ ਨਾਲ, ਉਸ ਨਾਲ ਹੱਥ ਮਿਲਾਉਣ ਨਾਲ ਇਹ ਰੋਗ ਨਹੀਂ ਹੁੰਦਾ।ਖ਼ੂਨਦਾਨ ਕਰਨ ਨਾਲ ਵੀ ਇਹ ਬੀਮਾਰੀ ਨਹੀਂ ਹੁੰਦੀ। ਇਸ ਦੇ ਫੈਲਣ ਦਾ ਮੁੱਖ ਕਾਰਨ ਅਸੁਰੱਖਿਅਤ ਸੈਕਸ ਹੈ। ਇਹ ਰੋਗ ਏਡਜ਼ ਸੰਕਰਮਿਤ ਖੂਨ ਦੇ ਸੰਪਰਕ ਵਿੱਚ ਆਉਣ ਨਾਲ ਹੋ ਸਕਦਾ ਹੈ। ਟੀਕੇ ਲਾਉਣ ਲਈ ਉਸੇ ਸਰਿੰਜ ਦੀ ਮੁੜ ਵਰਤੋਂ ਕਰਨਾ ਵੀ ਇਨਫੈਕਸ਼ਨ ਦਾ ਇੱਕ ਕਾਰਨ ਹੈ। ਇਸ ਤੋਂ ਇਲਾਵਾ ਹੇਅਰ ਡਰੈਸਰ ਨਾਈ ਕਈ ਵਾਰ ਸ਼ੇਵ ਕਰਨ ਜਾਂ ਉਸਤਰਾ ਲਗਾਉਣ ਲਈ ਉਸੇ ਬਲੇਡ ਦੀ ਵਰਤੋਂ ਕਿਸੇ ਦੂਜੇ ਵਿਅਕਤੀ ਉੱਤੇ ਕਰ ਦਿੰਦੇ ਹਨ ਜੋ ਕਿ ਐਚ ਆਈ ਵੀ ਫੈਲਾਉਣ ਦਾ ਮੁੱਖ ਕਾਰਨ ਹੋ ਸਕਦਾ ਹੈ। ਡਾਕਟਰਾਂ ਵੱਲੋਂ ਮਨੁੱਖ ਨੂੰ ਐਚ. ਆਈ. ਵੀ. ਤੋਂ ਪ੍ਰਭਾਵਤ ਖੂਨ ਚੜ੍ਹਾਉਣ ਨਾਲ ਵੀ ਇਹ ਬੀਮਾਰੀ ਲੱਗ ਜਾਂਦੀ ਹੈ। ਇਹ ਨਸ਼ਿਆਂ ਦੀਆਂ ਦੂਸ਼ਤ ਸਰਿੰਜਾਂ ਅਤੇ ਪ੍ਰਭਾਵਿਤ ਮਾਂ ਦੇ ਦੁੱਧ ਤੋਂ ਬੱਚੇ ਤੱਕ ਆਸਾਨੀ ਨਾਲ ਫੈਲ ਸਕਦਾ ਹੈ। ਐੱਚਆਈਵੀ ਪਾਜ਼ੀਟਿਵ ਔਰਤ ਦੇ ਨਵ ਜੰਮੇ ਬੱਚੇ ਨੂੰ ਵੀ ਇਹ ਲਾਗ ਲੱਗ ਸਕਦੀ ਹੈ।

ਏਡਜ਼/ਐਚ.ਆਈ.ਵੀ ਦੇ ਖ਼ਿਲਾਫ਼ ਲੜਾਈ ਵਿਚ ਲਾਲ ਰਿੱਬਨ ਨੂੰ, ਐਚ.ਆਈ.ਵੀ ਦੇ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਇੰਟਰਨੈਸ਼ਨਲ ਪ੍ਰਤੀਕ ਵਜੋਂ ਵਰਤਿਆ ਜਾਂਦਾ ਹੈ।

ਸਾਨੂੰ ਸਾਰਿਆਂ ਨੂੰ ਏਡਜ਼ ਸੰਕਰਮਿਤ ਲੋਕਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਉਹਨਾਂ ਨਾਲ ਹਮਦਰਦੀ ਅਤੇ ਮਿਲਵਰਤਨ ਵਾਲਾ ਸੁਭਾਅ ਰੱਖਣਾ ਚਾਹੀਦਾ ਹੈ। ਸਹੀ ਮਰਿਆਦਾ ਤੇ ਸਹੀ ਸਿੱਖਿਆ ਨਾਲ ਏਡਜ਼ ਵਰਗੀ ਭਿਆਨਕ ਬਿਮਾਰੀ ਤੇ ਨਿਅੰਤਰਨ ਕੀਤਾ ਜਾ ਸਕਦਾ ਹੈ।

ਅੰਤ ਵਿੱਚ ਮੈਂ ਇਹੀ ਕਹਿ ਸਕਦਾ ਹਾਂ ਕਿ

ਕਿਤੇ ਨਾ ਕਿਤੇ ਫੰਡਾਂ ਦੀ ਘਾਟ, ਨੀਤੀ ਅਤੇ ਰੈਗੂਲੇਟਰੀ ਰੁਕਾਵਟਾਂ, ਸਮਰੱਥਾ, ਕੋਸ਼ਿਸ਼ ਦੀ ਘਾਟ ਅਤੇ ਸਵੈ ਆਤਮ ਵਿਸ਼ਵਾਸ ਦੀ ਕਮੀ ਐਚਆਈਵੀ ਦੀ ਰੋਕਥਾਮ ਅਤੇ ਇਲਾਜ ਸੇਵਾਵਾਂ ਦੀ ਪ੍ਰਗਤੀ ਵਿੱਚ ਰੁਕਾਵਟ ਬਣ ਰਹੇ ਹਨ। ਜੇਕਰ ਇਹਨਾਂ ਰੁਕਾਵਟਾਂ ਨੂੰ ਹਟਾ ਦਿੱਤਾ ਜਾਂਦਾ ਹੈ ਤਾਂ ਸਮਾਜਿਕ ਕਮਿਊਨਿਟੀ-ਅਗਵਾਈ ਵਾਲੀਆਂ ਸੰਸਥਾਵਾਂ ਲੋਕਾਂ ਨੂੰ ਜਾਗਰੂਕ ਕਰਕੇ ਏਡਸ ਵਰਗੀ ਭਿਆਨਕ ਲਾਗ ਨੂੰ ਨਿਅੰਤਰਨ ਕਰਨ ਲਈ ਵਿਸ਼ਵਵਿਆਪੀ ਪ੍ਰਤੀਕ੍ਰਿਆ ਵਿੱਚ ਹੋਰ ਵੀ ਵੱਧ ਗਤੀਸ਼ੀਲ ਹੋ ਸਕਦੀਆਂ ਹਨ ਜਿਸ ਨਾਲ ਏਡਜ਼ ਨੂੰ ਖਤਮ ਕਰਨ ਦਾ ਰਾਹ ਹੋਰ ਪੱਧਰਾ ਤੇ ਆਸਾਨ ਹੋ ਜਾਵੇਗਾ।

**ਲੈਕਚਰਾਰ ਲਲਿਤ ਗੁਪਤਾ**
**ਮੰਡੀ ਅਹਿਮਦਗੜ੍ਹ।**
9781590500

# ਬਾਬੇ ਗੈਬੇ ਦੇ ਖ਼ਰਬੂਜ਼ੇ



ਬਾਬਾ ਗੈਬਾ ਹਰ ਸਾਲ ਆਪਣੀ ਨਿਆਈਂ ਵਾਲੀ ਵਿਘੜੀ ਵਿੱਚ ਖ਼ਰਬੂਜ਼ੇ ਲਾ ਦਿੰਦਾ ਸੀ। ਉਹ ਹੌਲੀ-ਹੌਲੀ ਸਵੇਰੇ ਹੀ ਸੋਟੀ ਦੇ ਸਹਾਰੇ ਵਿਘੜੀ ਵਿੱਚ ਪਹੁੰਚ ਜਾਂਦਾ। ਇਹ ਵਿਘੜੀ ਬਾਕੀ ਲਾਣਿਆਂ ਦੀਆਂ ਵਿਘੜੀਆਂ ਦੇ ਵਿਚਕਾਰ ਸੀ। ਹੋਰ ਕੋਈ ਵੀ ਖ਼ਰਬੂਜ਼ੇ ਬੀਜਦਾ ਨਹੀਂ ਸੀ। ਸਾਰਿਆਂ ਨੂੰ ਪਹਿਲਾਂ ਹੀ ਪਤਾ ਸੀ ਕਿ ਬਾਬੇ ਗੈਬੇ ਨੇ ਤਾਂ ਹਰ ਹਾਲਤ ਵਿੱਚ ਬੀਜਣੇ ਹੀ ਹਨ। ਉਹ ਆਪ ਵੀ ਖਾਣ ਦਾ ਸ਼ੌਕੀਨ ਸੀ।

ਬਾਬੇ ਗੈਬੇ ਨੂੰ ਦੋ ਮਹੀਨੇ ਪਹਿਲਾਂ ਹੀ ਫ਼ਿਕਰ ਲੱਗ ਜਾਂਦਾ ਕਿ ਐਤਕੀਂ ਵਧੀਆ ਕਿਸਮ ਦਾ ਬੀਜ ਮੰਗਵਾ ਕੇ ਖ਼ਰਬੂਜ਼ੇ ਬੀਜਣੇ ਨੇ, ਜਿਹੜੇ ਮਿੱਠੇ ਹੋਣ, ਮੂੰਹ 'ਚ ਪਾਇਆਂ ਖੰਡ ਮਿਸ਼ਰੀ ਵਾਂਗ ਘੁਲ ਜਾਣ। ਅਸੀਂ ਨਿਆਣੇ ਉਸ ਨੂੰ ਵੱਡੇ ਦਰਵਾਜ਼ੇ 'ਚ ਬੈਠੇ ਨੂੰ ਪੁੱਛਦੇ ਰਹਿੰਦੇ, "ਬਾਬਾ, ਖ਼ਰਬੂਜ਼ੇ ਲਾ ਦੋ ਹੁਣ, ਗਰਮੀਆਂ ਤਾਂ ਆਉਣ ਆਲੀਆਂ ਨੇ।"

ਉਹ ਪਿਆਰ ਨਾਲ ਹੌਲੀ ਜਿਹੀ ਕਹਿ ਦਿੰਦਾ, "ਲਾ ਦਾਂਗੇ ਲਾ ਦਾਂਗੇ। ਅਜੇ ਪੂਰੀ ਠੰਢ ਐ।" ਘੜੀ ਕੁ ਪਿੱਛੋਂ ਅਸੀਂ ਫਿਰ ਪੁੱਛ ਲੈਂਦੇ। ਸਾਡੇ ਵਾਰ-ਵਾਰ ਪੁੱਛਣ ਨਾਲ ਉਹ ਖਿਝ ਵੀ ਜਾਂਦਾ ਤੇ ਆਖਦਾ, "ਪਰ੍ਹੇ ਜਾਓ ਓਏ ਜੁਆਕੋ, ਆਵਦੀ ਦਾਦੀ ਨੂੰ ਕਹੋ ਜਾ ਕੇ ਲਾ ਕੇ ਆਵੇ।" ਉਹ ਕਿੰਨਾ ਹੀ ਚਿਰ ਬੁੜ-ਬੁੜ ਕਰੀ ਜਾਂਦਾ। ਉਹ ਚੌਂਤਰੇ ਉੱਤੋਂ ਲੱਤਾਂ ਲਮਕਾ ਕੇ, ਕੱਢੀ ਹੋਈ ਸਣ ਦੀਆਂ ਰੱਸੀਆਂ ਵੱਟਣ ਲੱਗ ਜਾਂਦਾ। ਥੋੜ੍ਹੇ ਚਿਰ ਬਾਅਦ ਹਥੇਲੀ ਉੱਪਰ ਥੁੱਕ ਕੇ ਫਿਰ ਰੱਸੀ ਵੱਟਣ ਲੱਗ ਜਾਂਦਾ। ਜਦੋਂ ਰੱਸੀ ਲੰਮੀ ਸਾਰੀ ਵੱਟੀ ਜਾਂਦੀ ਤਾਂ ਉਸ ਰੱਸੀ ਦਾ ਮਜ਼ਬੂਤ ਸੰਘਣਾ ਗੋਪੀਆ ਬਣਾਉਣ ਲੱਗ ਜਾਂਦਾ।

ਉਹ ਹਉਕਾ ਲੈ ਕੇ ਦੱਸਦਾ, "ਬਾੜੇ 'ਚੋਂ ਕੋਈ ਲੈ ਗਿਆ ਤੀ।" ਅਸੀਂ ਚੁੱਪ ਕਰ ਜਾਂਦੇ। ਅਸੀਂ ਉਸ ਨੂੰ ਕਿਉਂ ਦੱਸਦੇ ਕਿ ਗੋਪੀਆ ਤਾਂ ਮੋਹਨ ਲਾਲ ਨੇ ਚੁੱਕ ਲਿਆਂਦਾ ਸੀ। ਬਾਬੇ ਨੂੰ ਪਤਾ ਹੀ ਨਹੀਂ ਸੀ ਲੱਗਾ। ਅਸੀਂ ਸਾਰੇ ਰਲ ਕੇ ਉਸੇ ਗੋਪੀਏ ਨਾਲ ਟੋਭੇ ਦੇ ਉੱਪਰੋਂ ਰੋੜੀਆਂ ਮਾਰਦੇ ਰਹਿੰਦੇ ਤੇ ਇਹ ਸਾਡੀ ਖੇਡ ਬਣ ਗਈ।

ਬਾਬੇ ਨੇ ਆਪਣੇ ਜੀਜੇ ਰਾਹੀਂ ਖੇਤੀਬਾੜੀ ਯੂਨੀਵਰਸਿਟੀ ਤੋਂ ਵਧੀਆ ਕਿਸਮ ਦੇ ਖ਼ਰਬੂਜ਼ਿਆਂ ਦਾ ਬੀਜ ਮੰਗਵਾਇਆ ਸੀ। ਬਾਬਾ ਹਰ ਸਾਲ ਉਨ੍ਹਾਂ ਮਿੱਠੇ ਖ਼ਰਬੂਜ਼ਿਆਂ ਦਾ ਬੀਜ ਧੋ ਕੇ, ਸੁਕਾ ਕੇ ਸਾਂਭ ਲੈਂਦਾ ਸੀ। ਉਸੇ ਨੂੰ ਅਗਲੇ ਸਾਲ ਬੀਜਦਾ। ਉਹ ਆਪਣੇ ਮੁੰਡਿਆਂ ਨੂੰ ਨਾਲ ਲਾ ਕੇ ਬੀਜ ਲੈਂਦਾ। ਫਿਰ ਗੋਡੀ ਅਤੇ ਸਾਂਭ-ਸੰਭਾਲ ਆਪ ਕਰਦਾ। ਉਸ ਦੇ ਮੁੰਡੇ ਸਿਰਫ਼ ਪਾਣੀ ਹੀ ਦਿੰਦੇ ਸੀ। ਜਦੋਂ ਬੀਜ ਉੱਗ ਆਉਂਦੇ, ਉਹ ਵੇਖਦਾ ਰਹਿੰਦਾ ਕਿ ਹਰ ਰੋਜ਼ ਵੇਲਾਂ ਕਿੰਨੀਆਂ ਕੁ ਵਧਦੀਆਂ ਹਨ। ਜਦੋਂ ਵੇਲਾਂ ਨੂੰ ਫੁੱਲ ਲਗਦੇ ਤਾਂ ਬਾਬੇ ਦਾ ਚਿਹਰਾ ਖਿੜ ਜਾਂਦਾ। ਫੁੱਲਾਂ ਤੋਂ ਡੋਡੀਆਂ ਬਣਦੀਆਂ। ਫੇਰ ਜਿਉਂ-ਜਿਉਂ ਚੂੰਏਂ ਬਣ ਕੇ ਖ਼ਰਬੂਜ਼ੇ ਵੱਡੇ ਹੁੰਦੇ ਜਾਂਦੇ, ਬਾਬੇ ਤੋਂ ਚਾਅ ਸੰਭਾਲਿਆ ਨਾ ਜਾਂਦਾ। ਉਸ ਦਾ ਦਿਲ ਵੀ ਖ਼ਰਬੂਜ਼ਿਆਂ ਜਿੱਡਾ ਹੋ ਜਾਂਦਾ, ਪਰ ਕਿਸੇ ਦੀ ਕੀ ਮਜਾਲ ਕਿ ਕੋਈ ਨਿਆਣਾ ਸਿਆਣਾ ਖ਼ਰਬੂਜ਼ਿਆਂ ਦੇ ਬਾੜੇ ਵੱਲ ਝਾਕ ਵੀ ਜਾਵੇ। ਉਹ ਤੜਕੇ ਹੀ ਉੱਠ ਕੇ ਬਾੜੇ ਵਿੱਚ ਹੌਲੀ-ਹੌਲੀ ਜਾ ਬਹਿੰਦਾ। ਪਹਿਰ ਰਾਤ ਤੱਕ ਉੱਥੇ ਹੀ ਬੈਠਾ ਰਹਿੰਦਾ। ਮਿੱਟੀ ਦੀਆਂ ਬਣਾਈਆਂ ਗੋਲੀਆਂ, ਗੋਪੀਏ 'ਚ ਪਾ ਕੇ ਪੰਛੀਆਂ ਅਤੇ ਡੰਗਰਾਂ ਦੇ ਮਾਰਦਾ ਰਹਿੰਦਾ। ਉਸ ਦਾ ਨਿਸ਼ਾਨਾ ਉੱਕਦਾ ਨਹੀਂ ਸੀ। ਬਾੜੇ ਵਿੱਚੋਂ ਸਭ ਭੱਜ ਜਾਂਦੇ। ਜਦੋਂ ਜੇਠ-ਹਾੜ੍ਹ ਵਿੱਚ ਗਰਮੀ ਨਾਲ ਪਿੰਡ ਦਾ ਟੋਭਾ ਸੁੱਕ ਜਾਂਦਾ ਤਾਂ ਬਾਬਾ ਟੋਭੇ ਦੀ ਚੀਕਣੀ ਮਿੱਟੀ ਦੀਆਂ ਗੋਪੀਏ ਲਈ ਗੋਲੀਆਂ ਬਣਾ ਕੇ ਸੁਕਾ ਲੈਂਦਾ।

ਅਸੀਂ ਇੱਕ ਦੋ ਨਿਆਣੇ ਬਾਬੇ ਦੇ ਪੋਤੇ ਧਰਮੇ ਨਾਲ ਰੋਟੀ-ਲੱਸੀ ਅਤੇ ਪਾਣੀ ਦੇਣ ਚਲੇ ਜਾਂਦੇ। ਅਸੀਂ ਉਸੇ ਤਰ੍ਹਾਂ ਲਾਲ਼ਾਂ ਸੁੱਟਦੇ ਵਾਪਸ ਆ ਜਾਂਦੇ। ਸਾਡਾ ਜੀਅ ਕਰਦਾ ਕੱਚੇ ਖ਼ਰਬੂਜ਼ੇ ਹੀ ਤੋੜ ਕੇ ਲੈ ਜਾਈਏ। ਦਰਵਾਜ਼ੇ ਵਿੱਚ ਬਹਿ ਕੇ ਸੁਆਦ ਨਾਲ ਖਾਈਏ। ਜੇ ਕਿਸੇ ਦਿਨ ਖ਼ਰਬੂਜ਼ੇ ਨੂੰ ਹੱਥ ਵੀ ਲਾ ਦੇਣਾ ਤਾਂ ਉਹ ਸੋਟੀ ਉਲਾਰ ਕੇ ਉੱਚੀ-ਉੱਚੀ ਝਿੜਕਣ ਲੱਗ ਜਾਂਦਾ," ਥੋਡੀ ਮਾਉਂ ਨੂੰ, ਥੋਡੀ ਦਾਦੀ ਨੂੰ ਉਏ ਕੱਚੇ ਨੇ ਪੱਕਿਆਂ ਤੋਂ ਖਾ ਲਿਓ ਸਹੁਰੇ ਪਾਗਲ।"

ਅਸੀਂ ਡਰ ਕੇ ਨੱਠ ਆਉਂਦੇ। ਉਦੋਂ ਬਜ਼ੁਰਗਾਂ ਦਾ ਡਰ ਹੀ ਏਨਾ ਹੁੰਦਾ ਸੀ। ਇੱਕ ਦਿਨ ਦੂਜੇ ਪਾਸੇ ਦੇ ਨਿਆਣਿਆਂ ਨੇ ਬਾਬੇ ਦੇ ਕੱਚੇ ਖ਼ਰਬੂਜ਼ੇ ਤੋੜ ਲਏ। ਜਦੋਂ ਬਾਬਾ ਗੈਬਾ ਬਾੜੇ ਵਿੱਚ ਵੜਿਆ, ਉਸ ਨੇ ਵੇਲ਼ਾਂ ਉਲਟ-ਪੁਲਟ ਹੋਈਆਂ ਵੇਖ ਲਈਆਂ। ਬੱਸ ਫਿਰ ਬਾਬਾ ਲੱਗ ਪਿਆ ਸ਼ਲੋਕ ਸੁਣਾਉਣ। ਉਹ ਥੱਕ-ਹਾਰ ਕੇ ਚੁੱਪ ਕਰਿਆ। ਦੋ-ਤਿੰਨ ਦਿਨ ਅਸੀਂ ਵੀ ਧਰਮੇ ਨਾਲ ਬਾੜੇ ਵਿੱਚ ਨਾ ਗਏ। ਕੀ ਪਤਾ ਸਾਡੇ 'ਤੇ ਹੀ ਸ਼ੱਕ ਕਰ ਕੇ ਸਾਨੂੰ ਸ਼ਲੋਕ ਸੁਣਾਉਣ ਲੱਗ ਪਵੇ। ਅਸੀਂ ਵੀ ਸਬਰ ਰੱਖਿਆ। ਸਾਨੂੰ ਪਤਾ ਸੀ ਕਿ ਹਰੇਕ ਸਾਲ ਬਾਬਾ ਇਸੇ ਤਰ੍ਹਾਂ ਰਾਖੀ ਕਰਦਾ ਹੈ। ਖ਼ਰਬੂਜ਼ੇ ਪੱਕਿਆਂ ਤੋਂ ਵੰਡ ਵੀ ਦਿੰਦਾ ਹੈ।

ਜਦੋਂ ਖ਼ਰਬੂਜ਼ੇ ਪੱਕਣ ਲੱਗ ਪਏ ਤਾਂ ਨੀਲੀਆਂ ਧਾਰੀਆਂ ਵਾਲੇ ਦੇਸੀ ਖ਼ਰਬੂਜ਼ਿਆਂ ਦੀ ਖ਼ੁਸ਼ਬੂ ਦੂਰ ਤੱਕ ਫੈਲ ਜਾਂਦੀ। ਅਸੀਂ ਬਾੜੇ ਵਿੱਚ ਧਰਮੇ ਨਾਲ ਜਾਣ ਲੱਗ ਪੈਂਦੇ। ਬਾਬਾ ਸਾਨੂੰ ਉਡੀਕਦਾ ਰਹਿੰਦਾ ਸੀ, "ਆਓ ਉਏ ਦਾਦੀਆਂ ਦੇ ਪੋਤਿਓ ਖਾ ਲੋ, ਕੱਢ ਲੋ ਕੁੱਖਾਂ ਐਹ ਪੱਕੇ ਪੱਕੇ ਤੋੜ ਕੇ ਰੱਖੇ ਨੇ ਚੱਕ ਲੋ ਦੋ ਦੋ ।"

ਅਸੀਂ ਪੱਕੇ ਪੱਕੇ ਪੀਲੇ ਪੀਲੇ, ਕੋਈ ਕੋਈ ਹਰਾ ਵੀ ਹੁੰਦਾ, ਚੁੱਕ ਕੇ ਦੁੜੰਗੇ ਮਾਰਦੇ ਦੌੜ ਜਾਂਦੇ। ਦਰਵਾਜ਼ੇ ਵਿੱਚ ਬੈਠ ਕੇ ਖਾਂਦੇ। ਗੋਡਿਆਂ ਦੇ ਵਿਚਕਾਰ ਹਥੇਲੀਆਂ ਨਾਲ ਦਾਬ ਪਾ ਕੇ, ਖ਼ਰਬੂਜ਼ੇ ਦੇ ਦੋ ਫਾੜ ਕਰ ਲੈਂਦੇ। ਬੱਸ ਫੇਰ ਮਿੰਟਾਂ ਵਿੱਚ ਹੀ ਚੂੰਡ ਲੈਂਦੇ। ਉਹ ਖ਼ਰਬੂਜ਼ੇ ਵਾਕਈ ਹੀ ਖੰਡ-ਮਿਸ਼ਰੀ ਵਾਲੇ ਸਨ। ਖਾ ਕੇ ਸੁਆਦ ਆ ਜਾਂਦਾ। ਰੱਜ ਕੇ ਢਿੱਡਾਂ ਉੱਤੇ ਹੱਥ ਫੇਰ ਕੇ, ਬਾਬੇ ਗੈਬੇ ਦੇ ਗੁਣ ਗਾਉਂਦੇ ਫਿਰਦੇ, ਬੱਲੇ ਉਏ ਬਾਬਾ ਗੈਬਿਆ ਬੱਲੇ ਉਏ । ਉਸ ਦੀਆਂ ਪਹਿਲਾਂ ਦਿੱਤੀਆਂ ਝਿੜਕਾਂ ਸਭ ਭੁੱਲ ਜਾਂਦੇ। ਹੁਣ ਜਦੋਂ ਬਾਬੇ ਗੈਬੇ ਦੇ ਉਹ ਖ਼ਰਬੂਜ਼ੇ ਯਾਦ ਆਉਂਦੇ ਨੇ ਤਾਂ ਮੂੰਹ 'ਚ ਖੰਡ-ਮਿਸ਼ਰੀ ਘੁਲ ਜਾਂਦੀ ਹੈ।